ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

# ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।

www.sribhainisahib.com ਜਿਲਦ-23 ਨੰਬਰ-27

1 ਤੋ 7 ਅਸੂ 2072 - 17 to 23 September 2015 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 200

## ਅੰਮ੍ਰਿਤ ਬਚਨ
## ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

### ਵਕਤ ਬੜਾ ਖਰਾਬ ਹੈ



ਜਾਗੋ, ਸਤਿਗੁਰੂ ਦੇ ਹੁਕਮਾਂ ਵੱਲ ਧਿਆਨ ਦਿਓ, ਵਕਤ ਬੜਾ ਖਰਾਬ ਹੈ। ਦੇਖੋ- ਕਿਸੇ ਵੱਲ ਨਾ ਝਾਕੋ, ਕਿਸੇ ਨੂੰ ਬੁਰਾ ਕਹਿਣ ਦੀ ਲੋੜ ਨਹੀਂ-ਆਪੋ ਆਪਣੇ ਅੰਦਰ ਝਾਤੀ ਮਾਰੋ।



ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਆਗਿਆ ਅਨੁਸਾਰ 5 ਅਤੇ 6 ਸਤੰਬਰ 2015 ਨੂੰ ਅਮਰੀਕਾ ਅਤੇ ਕਨੇਡਾ ਦੀ ਸਾਧ ਸੰਗਤ ਵਲੋਂ ਬਫਲੋ, ਨਿਊਯਾਰਕ ਅਮਰੀਕਾ ਦੇ ਹਿੰਦ ਕਲਚਰਲ ਸੈਂਟਰ ਵਿੱਚ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ 200ਵਾਂ ਪ੍ਰਕਾਸ਼ ਪੁਰਬ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਜੋਤੀ ਜੋਤ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਗੁਰਗੱਦੀ ਦਿਵਸ ਅਤੇ ਸ੍ਰੀ ਕ੍ਰਿਸ਼ਨ ਜੀ ਦਾ ਪ੍ਰਕਾਸ਼ ਪੁਰਬ (ਜਨਮਆਸ਼ਟਮੀ) ਮਨਾਇਆ ਗਿਆ ਜਿਸ ਵਿਚ ਅਨੇਕਾ ਥਾਂਵਾ ਤੋਂ ਸ਼ਿਕਾਗੋ, ਨਿਊਯਾਰਕ, ਬਫਲੋ ਮੈਰੀਲੈਂਡ, ਟਰਾਂਟੋ, ਵੈਨਕੂਵਰ ਤੋਂ ਪਹੁੰਚੀ ਸਾਧ ਸੰਗਤ।




ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦਿੱਲੀ ਵਿਖੇ 69ਵਾਂ ਸੁੰਤਤਰਤਾ ਦਿਵਸ ਮਨਾਇਆ ਗਿਆ ਜਿਸ ਵਿੱਚ ਮੁਖ ਮਹਿਮਾਨ ਸ੍ਰੀ ਸ਼ਿਵ ਚਰਨ ਗੋਇਲ (ਐਮ. ਐਲ ਏ), ਸ. ਹਰਵਿੰਦਰ ਸਿੰਘ ਹੰਸਪਾਲ, ਸੂਬਾ ਸੁਖਦੇਵ ਸਿੰਘ, ਸੰਤ ਰਮਣੀਕ ਸਿੰਘ, ਸੰਤ ਮਹਿੰਦਰ ਸਿੰਘ (ਬਾਲੀ ਨਗਰ), ਸੰਤ ਨਰਿੰਦਰ ਸਿੰਘ ਖੁਰਾਣਾ, ਸੰਤ ਰਛਪਾਲ ਸਿੰਘ ਆਦਿ ਅਤੇ ਛੋਟੇ ਬੱਚੇ ਇੱਕ ਗਰੁਪ ਫੋਟੋ ਵਿੱਚ।

## ਦਿੱਲੀ ਵਿਖੇ 69 ਵਾਂ ਸੁੰਤਤਰਤਾ ਦਿਵਸ ਮਨਾਇਆ

**ਦਿੱਲੀ 17 ਅਗਸਤ 2015 :** ਸ਼ਹੀਦ ਬਿਸ਼ਨ ਸਿੰਘ ਮੈਮੋਰਿਅਲ ਸੀਨੀਅਰ ਸਕੈਂਡਰੀ ਸਕੂਲ, ਮਾਨਸਰੋਵਰ ਗਾਰਡਨ ਵਿਖੇ 69ਵਾਂ ਸੁੰਤਤਰਤਾ ਦਿਵਸ ਬੜੇ ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਗਿਆ । ਇਸ ਪ੍ਰੋਗਰਾਮ ਵਿੱਚ ਸ੍ਰੀ ਸ਼ਿਵ ਚਰਨ ਗੋਇਲ (ਐਮ. ਐੱਲ. ਏ. ਮੋਤੀ ਨਗਰ) ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਇਹਨਾ ਤੋਂ ਇਲਾਵਾ ਚੈਅਰਮੈਨ ਸ. ਐਚ-ਐਸ ਹੰਸਪਾਲ, ਸੂਬਾ ਸੁਖਦੇਵ ਸਿੰਘ, ਹੋਰ ਬਹੁਤ ਸਾਰੇ ਪਤਵੰਤੇ ਸੱਜਣ ਸ਼ਾਮਿਲ ਸਨ ।

ਪ੍ਰੋਗਰਾਮ ਦੀ ਸ਼ੁਰੂਆਤ ਸਾਡੇ ਦੇਸ਼ ਦਾ ਮਾਣ ਤਿਰੰਗਾ ਝੰਡਾ ਲਹਿਰਾਉਣ ਦੀ ਰਸਮ ਨਾਲ ਕੀਤੀ ਗਈ। ਸ੍ਰੀ ਸ਼ਿਵ ਚਰਨ ਗੋਇਲ, ਸਕੂਲ ਦੇ ਚੈਅਰਮੈਨ ਐਚ. ਐਸ. ਹੰਸਪਾਲ ਅਤੇ ਬਾਕੀ ਮੈਨਜਮੈਂਟ ਦੇ ਮੈਬਰਾਂ ਨੇ ਇਹ ਰਸਮ ਅਦਾ ਕੀਤੀ। ਇਸ ਤੋਂ ਬਾਅਦ ਸਕੂਲ ਦੇ ਵਿਦਿਆਰਥੀਆਂ ਨੇ ਰਾਸ਼ਟਰੀ ਗੀਤ ਗਾਇਆ। ਫਿਰ ਨਰਸਰੀ ਵਿੰਗ ਦੇ ਛੋਟੇ-ਛੋਟੇ ਬੱਚਿਆਂ ਨੇ "ਵੰਦੇ ਮਾਤਰਮ" ਬਹੁਤ ਹੀ ਵਧੀਆ ਢੰਗ ਨਾਲ ਪੇਸ਼ ਕੀਤਾ। ਇਸ ਤੋਂ ਇਲਾਵਾ ਪ੍ਰੋਗਰਾਮ ਵਿੱਚ ਸਵੱਛ ਭਾਰਤ ਤੇ ਗੀਤ, ਸੁੰਤਤਰਤਾ ਦਿਵਸ ਤੇ ਸਪੀਚ, ਨਰਸਰੀ ਦੇ ਬੱਚਿਆਂ ਵੱਲੋਂ 12 ਪ੍ਰਦੇਸਾਂ ਨੂੰ ਪੇਸ਼ ਕਰਦਾ ਪ੍ਰੋਗਰਾਮ, ਯੋਗਾ, ਸਵੱਛ ਭਾਰਤ ਤੇ ਇੱਕ ਸਕਿੱਟ, ਸਵੱਛ ਭਾਰਤ ਅਤੇ ਭ੍ਰਿਸ਼ਟਾਚਾਰ ਤੇ ਟੱਪੇ ਪੇਸ਼ ਕੀਤੇ ਗਏ। ਅਤੇ ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਦੇ ਵਿਦਿਆਰਥੀਆਂ ਵੱਲੋਂ ਭੰਗੜਾ ਪੇਸ਼ ਕੀਤਾ ਗਿਆ। ਅੰਤ ਵਿੱਚ ਇਨਾਮ ਵੰਡ ਪ੍ਰੋਗਰਾਮ ਸੀ ਜਿਸ ਵਿੱਚ 2014-15 ਦੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵਜੋਂ 1000 ਰੁਪਏ ਪ੍ਰਤੀ ਬੱਚੇ (ਸੀਨੀਅਰ) ਅਤੇ 500 ਰੁਪਏ ਪ੍ਰਤੀ ਬੱਚੇ (ਜੂਨੀਅਰ ਵਿੰਗ) ਨੂੰ ਦਿੱਤੇ ਗਏ। ਅਤੇ ਬੱਚਿਆਂ ਦੀ ਹੋਸਲਾਂ ਅਫਜਾਈ ਕੀਤੀ ਗਈ ਤਾਂ ਜੋ ਜ਼ਿਆਦਾ ਤੋਂ ਜ਼ਿਆਦਾ ਬੱਚੇ ਪੜਾਈ ਦੇ ਖੇਤਰ ਵਿੱਚ ਅੱਗੇ ਆ ਸਕਣ।

ਅੰਤ ਵਿੱਚ ਮੁੱਖ ਮਹਿਮਾਨ ਸ੍ਰੀ ਸ਼ਿਵ ਚਰਨ ਗੋਇਲ ਜੀ ਨੇ ਬੱਚਿਆਂ ਨੂੰ ਸ਼ੁਭ ਇਛਾਵਾਂ ਦਿੰਦੇ ਹੋਏ ਇਸ ਅਜ਼ਾਦੀ ਦੇ ਦਿਹਾੜੇ ਤੇ ਆਪਣੇ ਵਿਚਾਰ ਪੇਸ਼ ਕੀਤੇ। ਅਤੇ ਸਾਰਿਆਂ ਨੂੰ ਅਜ਼ਾਦੀ ਦੀ ਵਧਾਈ ਦਿੰਦੇ ਹੋਏ ਇਸ ਪ੍ਰੋਗਰਾਮ ਦਾ ਅੰਤ ਕੀਤਾ।

ਸਕੂਲ ਵੱਲੋਂ ਮਾਪਿਆਂ ਅਤੇ ਬੱਚਿਆਂ ਦੇ ਖਾਣ-ਪੀਣ ਦਾ ਵੀ ਚੰਗਾ ਪ੍ਰਬੰਧ ਕੀਤਾ ਹੋਇਆ ਸੀ। ਇਸ ਤਰਾਂ ਅਜ਼ਾਦੀ ਦਾ 69ਵਾਂ ਦਿਵਸ ਸਤਿਗੁਰ ਜੀ ਦੀ ਕ੍ਰਿਪਾ ਨਾਲ ਬਹੁਤ ਹੀ ਧੂਮਧਾਮ ਨਾਲ ਨੇਪਰੇ ਚੜਿਆ।

## ਸ੍ਰੀ ਭੈਣੀ ਸਾਹਿਬ ਵਿਖੇ ਪੰਜ ਭਾਦਰੋਂ ਮੇਲਾ

**ਸ੍ਰੀ ਭੈਣੀ ਸਾਹਿਬ, 21 ਅਗਸਤ**- ਅੱਜ ਇਥੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿੱਚ ਪੰਜ ਭਾਦਰੋਂ ਦਾ ਮੇਲਾ ਮਨਾਇਆ ਗਿਆ। ਇਸ ਵਿੱਚ ਦੂਰੋਂ-ਦੂਰੋਂ ਤੋਂ ਸੰਗਤਾਂ ਨੇ ਸਮੂਲੀਅਤ ਕੀਤੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅੱਜ ਦੇ ਦਿਨ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ। ਗੁਰਬਾਣੀ ਅਨੁਸਾਰ 'ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥' ਆਪਣੀ ਜੋਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਿੱਚ ਬਖ਼ਸ਼ਿਸ਼ ਕਰ ਗਏ ਸਨ। ਇਹਨਾਂ ਦੀਆਂ ਯਾਦਾਂ ਅਮਿਟ ਹਨ। ਉਹਨਾਂ ਦੇ ਪਰਉਪਕਾਰਾਂ ਨੂੰ ਸੰਗਤਾ ਹਮੇਸ਼ਾ ਯਾਦ ਰਖਣਗੀਆਂ। ਨਾਮਧਾਰੀ ਪੰਥ ਤੇ ਜੋ ਉਪਕਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕੀਤੇ ਰਹਿੰਦੀ ਦੁਨੀਆ ਤੱਕ ਹਮੇਸ਼ਾ ਯਾਦ ਰਹਿਣਗੇ। ਨਾਮ ਬਾਣੀ ਦਾ ਪ੍ਰਵਾਹ ਚਲਾਇਆ। ਗੁਰ ਸਿੱਖੀ ਜੀਵਨ ਨੂੰ ਨਵੀਂ ਸੇਧ ਦਿੱਤੀ। ਉਸ ਮਹਾਨ ਸਤਿਗੁਰੂ ਜੀ ਦਾ ਵਿਛੋੜਾ ਇਕ ਅਸਹਿ ਸੀ। ਉਹਨਾਂ ਦੀ ਯਾਦ ਵਿੱਚ ਸੰਗਤਾਂ ਵਲੋਂ ਹਰ ਜਸ ਕੀਤਾ ਗਿਆ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਰਾਗੀ ਹਰਬੰਸ ਸਿੰਘ ਘੁੱਲਾ, ਗਿਆਨ ਸਿੰਘ ਚੀਮਾਂ ਤੇ ਗੁਰਲਾਲ ਸਿੰਘ ਨੇ ਕੀਤਾ। ਸ਼ਬਦ ਸੀ।

**"ਹਉ ਫਿਰਉ ਦਿਵਾਨੀ ਆਵਲ ਬਾਵਲ"**
**"ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ॥**

ਵਾਰ ਦੀ ਸਮਾਪਤੀ ਉਪਰੰਤ ਦਿਨ ਦੇ ਦੀਵਾਨਾਂ ਦੀ ਅਨਾਊਸਮੈਂਟ ਕੀਤੀ ਗਈ।

ਕਵੀਸਰੀ ਜਥਾ:- ਸ੍ਰੀ ਭੈਣੀ ਸਾਹਿਬ ਦੇ ਕਵੀਸ਼ਰੀ ਜਥੇ ਕਵੀਸ਼ਰ ਗੁਰਲਾਲ ਸਿੰਘ ਗੁਰਭਗਤ ਸਿੰਘ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਵਿਛੋੜਾ ਪੇਸ਼ ਕੀਤਾ। ਕਵਿਤਾ ਦੇ ਕੁਝ ਅੰਸੁ ਹਨ

**"ਸਤਿਗੁਰੂ ਦੇ ਪਰਉਪਕਾਰਾਂ ਦਾ ਨਾ ਦੁਨੀਆ ਵਿੱਚ ਸਾਨੀ ਸੀ॥**
**ਗੁਣ ਗਾਵਾਂ ਵਡਪਰਤਾਪੀ ਦੇ ਜੋ ਸਰਬ ਗੁਣਾਂ ਦਾ ਦਾਨੀ ਸੀ"**

ਜ: ਪਿਆਰਾ ਸਿੰਘ ਨੇ ਸ਼ਬਦ ਗਾਇਨ ਕੀਤਾ:-

**"ਗੁਰੂ ਪ੍ਰਤਾਪ ਸਿੰਘ ਜੀ ਪਿਆਰੇ ਤੇਰੀ ਜਦੋਂ ਯਾਦ ਆਉਦੀਂ ਏ**
**ਦਿਲਾਂ ਵਿਚ ਪੈਂਦੀਆਂ ਪੀੜਾਂ, ਨਿਕਲਦੀ ਜਾਨ ਜਾਂਦੀ ਏ"**

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੀਆਂ ਬੱਚੀਆਂ ਨੇ ਮਿਲਕੇ ਦੀਵਾਨ ਲਾਇਆ"

"ਨਹੀਉਂ ਭੁਲਣੇ ਤੇਰੇ ਉਪਕਾਰ ਵੱਡੇ ਪ੍ਰਤਾਪ ਵਾਲਿਆ" ਉਪਰੰਤ ਇੱਕ ਘੰਟਾ ਨਿਤਨੇਮ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪਵਿੱਤਰ ਉਪਦੇਸ਼ ਟੇਪ ਸਰਵਨ ਕੀਤਾ ਗਿਆ। ਪਾਠਾਂ ਦੇ ਭੋਗ ਪਾਏ ਗਏ। ਹਜ਼ੂਰੀ ਰਾਗੀ ਸਿੰਘਾਂ ਨੇ ਤੰਤੀ ਸਾਜਾਂ ਦੇ ਨਾਲ ਕੀਰਤਨ ਗਾਇਨ ਕੀਤਾ।

- ਗੁਰਦੇਵ ਸਿੰਘ ਚੀਮਾਂ

# ਮਿਡਲੈਂਡ (ਯੂ. ਕੇ.) ਦੀ ਸੰਗਤ ਵਲੋਂ ਸਤਿਗੁਰੂ ਜੀ ਦਾ ਸੁਆਗਤ ਸਤਿਕਾਰ

**ਬਰਮਿੰਘਮ- 23 ਅਗਸਤ-** ਅੱਜ ਇਥੇ ਨਾਮਧਾਰੀ ਸਿੱਖ ਗੁਰਦੁਆਰਾ ਬਰਮਿੰਘਮ ਵਿਖੇ ਆਸਾ ਦੀ ਵਾਰ ਦੇ ਕੀਰਤਨ ਦਾ ਆਨੰਦ ਮਾਣਦੀ ਸਾਧ ਸੰਗਤ ਨੂੰ ਪਤਾ ਸੀ ਕਿ 'ਬਿਨ ਸਤਿਗੁਰ ਵਾਟ ਨਾ ਪਾਵੈ।। ਉਹ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿਚ ਹੋ ਰਹੇ ਕੀਰਤਨ ਵਿਚ ਆਪਣੇ ਦਿਲ ਦੀ ਵੇਦਨਾ ਤੇ ਬਿਹਬਲਤਾ ਪ੍ਰਗਟ ਕਰ ਰਹੀ ਸੀ।

***ਸੁਣਿ ਯਾਰ ਹਮਾਰੇ ਸਜਣ***
***ਇਕ ਕਰਉ ਬੇਨੰਤੀਆ।।***

ਅੱਜ ਹਜ਼ੂਰੀ ਕੀਰਤਨੀ ਜਥੇ ਦੀ ਅਗਵਾਈ ਉਸਤਾਦ ਹਰਭਜਨ ਸਿੰਘ ਤੇ ਰਾਗੀ ਬਲਵੰਤ ਸਿੰਘ ਕਰ ਰਹੇ ਸਨ। ਸਾਜ਼ਾਂ ਵਿਚ, ਇੱਕ ਤੋਂ ਵੱਧ ਹੱਥਾਂ ਵਿਚ ਦਿਲਰੁਬਾ, ਤਬਲਿਆਂ ਦੇ ਨਾਲ ਬੰਸਰੀ ਦੀ ਧੁੰਨ ਵੀ ਸੀ। ਵਾਰ ਦੀ ਸਮਾਪਤੀ ਦੀ ਅਰਦਾਸ ਬਾਅਦ ਜਨਰਲ ਸਕੱਤਰ ਕੁਲਦੀਪ ਸਿੰਘ ਉਭੀ ਦੇ ਸ਼ਬਦ ਸਨ :

"ਮਿਡਲੈਂਡ ਦੀ ਸਾਧ ਸੰਗਤ ਵਲੋਂ ਸ੍ਰੀ ਸਤਿਗੁਰੂ ਜੀ ਨੂੰ ਜੀ ਆਇਆਂ ਨੂੰ। ਵਾਰ ਬਾਅਦ ਯੂਥ ਪ੍ਰੋਗਰਾਮ ਵੀ ਸੀ।

ਬਹਾਨਾ ਤਾਂ ਹਰੇ ਭਰੇ ਖੁਲ੍ਹੇ, ਸ਼ਾਂਤੀ ਮਾਹੌਲ ਵਿਚ ਸ੍ਰੀ ਸਤਿਗੁਰੂ ਜੀ ਨਾਲ ਸੈਰ ਕਰਨ ਦਾ ਸੀ। ਪਰ ਨੌਜਵਾਨਾਂ ਨੂੰ ਚਾਅ ਸ੍ਰੀ ਸਤਿਗੁਰੂ ਜੀ ਦੇ ਅੰਗ ਸੰਗ ਰਹਿਣ ਦਾ ਵੀ ਸੀ। ਭਾਵੇਂ ਕੁਝ ਬਜ਼ੁਰਗ ਵੀ ਸਨ ਪਰ ਉਹ ਤਾਂ ਰਾਹ ਵਿਚ ਹੀ ਆਰਾਮ ਕਰਨ ਲਗ ਗਏ ਸਨ। ਉਥੇ ਹੀ ਸ੍ਰੀ ਸਤਿਗੁਰੂ ਜੀ ਨੇ ਮੋਕਲੇ ਜਿਹੇ ਥਾਂ ਉਤੇ ਖੁਦ ਆਸਣ ਲਾ ਕੇ ਸਭ ਨੂੰ ਬਿਠਾ ਕੇ ਬਚਨ ਬਿਲਾਸ ਕਰਨ ਤੇ ਹੁੰਗਾਰਾਂ ਭਰਨ ਜਾਂ ਕੁਝ ਪੁਛਣ ਦਾ ਮੌਕਾ ਦਿੱਤਾ। ਨੌਜਵਾਨਾਂ - ਤੀਹ ਸਾਲ ਤੋਂ ਘੱਟ ਉਮਰ ਦਿਆਂ - ਨੂੰ ਹੀ ਮੌਕਾ ਮਿਲਿਆ। ਜੇ ਕਿਸੇ ਸਿਆਣੇ ਨੇ ਗੱਲ ਕਰਨੀ ਚਾਹੀ ਤਾਂ ਆਪ ਨੇ ਮੁਸਕਰਾਉਂਦਿਆਂ ਪੁਛਿਆ, "ਸੰਤ ਜੀ, ਤੁਹਾਡੀ ਉਮਰ ਕਿੰਨੀ ਹੋਵੇਗੀ ?" ਤਾਂ ਉਹ ਸਿਆਣਾ ਵੀ ਹੁਕਮ ਸੁਣਨ- ਮੰਨਣ ਤੋਂ ਅਨਜਾਣ ਹੀ ਲੱਗਾ।

ਸ੍ਰੀ ਸਤਿਗੁਰੂ ਜੀ ਦੀ ਖੁਸ਼ੀ ਨੌਜਵਾਨਾਂ ਨੂੰ ਆਪਣੇ ਧਰਮ, ਮਰਯਾਦਾ, ਭਾਸ਼ਾ, ਸਭਿਆਚਾਰ ਨਾਲ ਜੋੜਨ ਵਿਚ ਸੀ। ਇਸੇ ਲਈ ਆਪ ਨੇ ਹੁਕਮ ਕੀਤਾ ਕਿ ਪੰਜਾਬੀ ਪੜੋ, ਸਤਿਗੁਰੂ ਜੀ ਦਾ ਟੇਪ ਕੀਤਾ ਉਪਦੇਸ਼ ਵਾਰ-ਵਾਰ ਸੁਣੋ, ਸਮਝੋ, ਜਿੰਨਾਂ ਸਮਝ ਆਏ ਹੋਰਾਂ ਨਾਲ ਵਿਚਾਰੋ। Discuss ਕਰੋ। ਪੰਜਾਬੀ ਪੜ੍ਹਾਉਣ ਲਈ ਕਲਾਸਾਂ ਲਾਉਣ ਲਈ ਪ੍ਰਬੰਧਕਾਂ ਨੂੰ ਹੁਕਮ ਕੀਤਾ।

**ਪਿਛਲੇ ਪਹਿਰ**-ਬਾਦਲ ਬਿਨ ਬਰਖਾ ਹੋਈ। ਇਹ ਬਰਖਾ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦਿਦਾਰ ਦੀ ਸੀ, ਨਾਮ ਸਿਮਰਨ ਦੀ ਸੀ, ਕੀਰਤਨ ਦੀ ਸੀ, ਵੱਖ ਵੱਖ ਧਾਰਮਿਕ ਅਦਾਰਿਆਂ ਵਲੋਂ ਸ੍ਰੀ ਸਤਿਗੁਰੂ ਜੀ ਪ੍ਰਤੀ ਅਕੀਦਤ ਪ੍ਰਗਟ ਕਰਨ ਦੀ ਸੀ, ਸ੍ਰੀ ਸਤਿਗੁਰੂ ਜੀ ਦੇ ਟੇਪ ਉਪਦੇਸ਼ਾਂ ਦੀ ਸੀ ਜੋ ਕੋਈ ਹੋਰ ਨਿਖੇੜਾ ਕਰਨਾ ਸੁਖਾਲਾ ਨਹੀਂ ਸੀ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਟੇਪ ਉਪਦੇਸ਼ ਸਵਾਸ ਸਵਾਸ ਨਾਮ ਜਪਣ ਵਾਲਿਆਂ ਦੀਆਂ-ਮਿਸਾਲਾਂ ਪੇਸ਼ ਕਰ ਰਿਹਾ ਸੀ। ਉਹ ਇਹ ਵੀ ਦੱਸ ਰਿਹਾ ਸੀ ਕਿ ਰਬਾਬੀਆਂ ਦੀਆਂ ਪੁਰਾਣੀਆਂ ਰੀਤਾਂ ਗੁਰੂ ਘਰ ਵਿਚ (ਸ੍ਰੀ ਭੈਣੀ ਸਾਹਿਬ) ਸੰਭਾਲੀਆਂ ਹਨ।

ਰਾਗੀ ਸਿੰਘਾਂ ਨੇ ਰਾਮ ਮੇਘ, ਝੱਪ ਤਾਲ ਵਿਚ 'ਬਾਦਲ *ਬਿਨ ਬਰਖਾ ਹੋਈ'* ਨਾਲ ਕੀਰਤਨ ਆਰੰਭ ਕੀਤਾ।

***ਮੋਰੀ ਰੁਣ ਝੁਣ ਲਾਇਆ***
***ਭੈਣੇ ਸਾਵਣੁ ਆਇਆ।।***

ਆਦਿ ਸ਼ਬਦ ਗਾਇਨ ਕੀਤੇ ਗਏ। ਸੰਗਤ ਵਿਚ ਦਰਸ਼ਨ ਦਿਦਾਰ ਦੀ ਪਿਆਸ ਮਿਟਾਉਣ ਲਈ ਕਈ ਆਕਸੀਜਨ ਦੇ ਸਲੰਡ ਲਾਈ ਤੇ ਹੋਰ ਵੀਲ ਚੇਅਰਾਂ ਤੇ ਵੀ ਆਕੇ ਨਮਸਕਾਰ ਕਰਦੇ ਰਹੇ। ਬੀਬੀ ਦਲਜੀਤ ਕੌਰ ਨੇ ਗੁਰ ਉਪਦੇਸ ਦਾ ਅੰਗਰੇਜ਼ੀ ਵਿਚ ਸਾਰ ਦੱਸਿਆ ਤਾਂਕਿ ਪੰਜਾਬੀ ਨਾ ਸਮਝ ਸਕਣ ਵਾਲੇ ਖਾਲੀ ਹੱਥ ਨਾ ਜਾਣ।

ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਬੀਬੀ ਪਵਨਜੀਤ ਕੌਰ ਦੀ 7 ਸ਼ਬਦਾਂ ਦੀ ਸੀ. ਡੀ. ਰਿਲੀਜ਼ ਕਰਨ ਦੀ ਬਖਸ਼ਿਸ਼ ਕੀਤੀ। ਇਸਦੇ ਛੇ ਸ਼ਬਦਾਂ ਨੂੰ ਉਸਤਾਦ ਹਰਭਜਨ ਸਿੰਘ ਨੇ ਵੱਖ ਵੱਖ ਰਾਗਾਂ ਵਿਚ ਸੁਰ ਬਧ ਕੀਤਾ ਹੈ ਤੇ ਇਕ ਪੁਰਾਣੇ ਰਾਗੀਆਂ ਦੀ ਰੀਤ ਹੈ।

ਵੱਖ ਵੱਖ ਧਾਰਮਿਕ ਆਦਾਰਿਆਂ ਦੇ ਆਗੂਆਂ ਅਤੇ ਵਿਸ਼ੇਸ਼ ਵਿਅਕਤੀਆਂ ਨੇ ਇਥੇ ਆਉਣ ਤੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕੀਤਾ।

**ਹਰਜਿੰਦਰ ਸਿੰਘ ਕੰਵਲ** ਹੋਰਾਂ ਕਿਹਾ, ਸਤਿਗੁਰੂ ਦੀ ਸਿਫਤ ਜਾਂ ਪ੍ਰਮਾਤਮਾ ਕੀ ਹੈ ? ਦਾ ਜੁਆਬ ਹੈ ਖਾਮੋਸ਼ੀ। ਕੁਝ ਕਹਿਣ ਲਈ ਸ਼ਬਦ ਨਹੀਂ। ਬਸ ਸਤਿਗੁਰੂ ਜੀ ਤਾਂ ਬਿਨ ਬਾਦਲ ਮਹਿਰਾਂ ਦੀ ਬਖਸ਼ਸ਼, ਰੂਹਾਨੀਅਤ ਦੀ ਬਰਸਾਤ ਕਰਦੇ ਹਨ। ਰਾਮਗੜੀਆ ਕੌਂਸਲ ਯੂ. ਕੇ. ਦੇ ਪ੍ਰਧਾਨ ਲਛਮਣ ਸਿੰਘ ਭਮਰਾ ਨੇ ਕੌਂਸਲ ਵਲੋਂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੂੰ ਜੀ ਆਇਆਂ ਕਹਿੰਦਿਆਂ ਕਿਹਾ ਕਿ ਅਸੀਂ 5 ਮਿੰਟ ਬੱਚਿਆਂ ਨਾਲ ਆਪਣਾ ਅਮੀਰ ਵਿਰਸਾ ਸਾਂਝਾ ਕਰੀਏ। ਸਤਿਗੁਰੂ ਰਾਮ ਸਿੰਘ ਜੀ ਦੀ ਵਡਮੁੱਲੀ ਦੇਣ ਬਾਰੇ ਦੱਸੀਏ ਉਹਨਾਂ ਕਿਹਾ ਕਿ ਕੌਂਸਲ ਦੇ ਮੈਂਬਰ ਬਣੋ ਤੇ ਉਹਨਾਂ ਦੇ ਸਾਥੀਆਂ ਨੇ ਸਤਿਗੁਰੂ ਜੀ ਨੂੰ ਇਕ ਪੁਸਤਕ ਭੇਟ ਕੀਤੀ ਜਿਸ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਬੜੀ ਕੀਮਤੀ ਜਾਣਕਾਰੀ ਹੈ।

**ਸੰਤ ਨਿਰੰਕਾਰੀ ਮੰਡਲ ਯੂ. ਕੇ.** ਦੇ ਸਕੱਤਰ ਸ੍ਰੀ ਹਰਮੋਹਿੰਦਰ ਸਿੰਘ ਉਪਾਸ਼ਕ ਨੇ ਸੰਤ ਏਕਕ ਸਿੰਘ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੀਤੇ ਕੰਮਾਂ ਬਾਰੇ ਤੇ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਮਿਲੇ ਪਿਆਰ ਬਾਰੇ ਦੱਸਿਆ। ਉਹਨਾਂ ਕਿਹਾ ਕਿ ਸਾਡੀ ਭਗਤੀ ਨਹੀਂ ਸਗੋਂ ਅਸੀਂ ਭਾਗਾਂ ਵਾਲੇ ਹਾਂ ਜਿੰਨ੍ਹਾਂ ਨੂੰ ਸ੍ਰੀ ਸਤਿਗੁਰੂ ਜੀ ਨੇ ਆਪਣੇ ਚਰਨਾਂ ਨਾਲ ਲਾਇਆ ਹੈ। ਆਪ ਨੇ 'ਬਾਂਹ ਪਕੜ ਕਢ ਲੀਨੇ ਆਪਣੇ। ਅੱਜ ਖੁਲੇ ਦਰਸ਼ਨ ਹੋਏ ਹਨ, ਜੀਵਨ ਸਫਲ ਹੋਇਆ ਹੈ। ਅੱਜ ਸਾਰਿਆਂ ਦੇ ਮਿਲ ਕੇ ਬੈਠਣ ਦੀ ਖੁਸ਼ੀ ਹੈ। ਮੰਡਲ ਦੇ ਪ੍ਰਧਾਨ ਸੰਤ ਸੁਖਜਿੰਦਰ ਸਿੰਘ, ਸ੍ਰੀ ਹਮੀਦ ਮਲਿਕ ਯੂਨੀਵਰਸਲ ਫੈਡਰੇਸ਼ਨ ਤੇ ਹੋਰ ਧਰਮਾਂ ਦੇ ਪ੍ਰਤੀਨਿਧੀਆਂ ਤੇ ਸੈਂਡਵੇਲ ਮਲੀਟੀਫੇਥ ਨੈਟਵਰਕ ਵਲੋਂ ਰੈਵਰਡ ਜਾਹਨ ਬੈਰੇਟ ਹੁਰਾਂ ਸਤਿਕਾਰ ਭੇਟ ਕੀਤਾ।

ਨਿਹੰਗ ਅਖਾੜੇ ਦੇ ਮੁਖੀ **ਨਿਹੰਗ ਨਿਡਾਰ ਸਿੰਘ** ਨੇ ਕਿਹਾ, "ਸਾਡੇ ਨਾਮਧਾਰੀ ਪੰਥ ਨਾਲ ਸੰਬੰਧ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਹਨ। ਭਾਈ ਕਾਨ੍ਹ ਸਿੰਘ ਨਿਹੰਗ ਨੂੰ ਸਤਿਗੁਰੂ ਜੀ ਨੇ ਸੂਬਾ ਥਾਪਿਆ ਸੀ। ਸਤਿਗੁਰੂ ਜਗਜੀਤ ਸਿੰਘ ਜੀ ਦੀ ਵਿਚਾਰਧਾਰਾ ਵਿਸ਼ਾਲ ਹੈ।

ਗੀਤਾ ਭਵਨ, ਸਚਖੰਡ ਨਾਨਕ ਧਾਮ, ਰੋਟਰੀ ਕਲੱਬ, ਵਾਈਲਡ ਗ੍ਰੀਨ ਦੀ ਪ੍ਰਧਾਨ ਪੈਨੀ ਥਰਮਟਨ ਨਾਲ ਐਰਿਕ ਡਾਂਸ, ਕ੍ਰਿਸੀ ਡਾਂਸ, ਮਾਰਵੇਜ ਮੈਨ ਦੀ ਕਲੱਬ, ਫੁਟਬਾਲ ਟੀਮ ਨੇ ਕੈਪਟਨ ਸਹਿਤ ਦਰਸ਼ਨ ਦਿਤੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਫੁਟਬਾਲ ਟੂਰਨਾਮੈਂਟ ਦੀ ਇਸ ਜੇਤੂ ਟੀਮ ਦੇ ਇਸ ਕੈਪਟਨ ਨੂੰ ਸ੍ਰੀ ਸਤਿਗੁਰੂ ਜੀ ਦੇ ਕਰ ਕੰਵਲਾਂ ਦੁਆਰਾ ਸੀਲਡ ਪ੍ਰਦਾਨ ਕੀਤੀ ਗਈ। ਮਿਸਟਰ ਜੇਮਜ਼ ਪੁਲਿਸ ਦੇ ਕਾਰਕੁੰਨ ਨੂੰ ਮਾਣ ਬਖਸ਼ਿਆ ਗਿਆ। ਯੂਨੀਵਰਸਲ ਪੀਸ ਫੈਡਰੇਸ਼ਨ ਦੇ ਹੀ ਮਿਸਟਰ ਡੇਵਿਡ ਤੇ ਬੀਬੀ ਮੈਟਰੀਸੀਆ ਆਦਿ ਨੇ ਚਰਨ ਪਰਸੇ। ਇਥੇ ਅਕਾਲ ਪੁਰਖ ਪ੍ਰਮਾਤਮਾ ਅਧੀਨ ਇਕ ਪਰਿਵਾਰ ਤੇ ਏਕਤਾ ਬਾਰੇ ਕਿਹਾ ਗਿਆ।

**ਸਤਿਗੁਰੂ ਜੀ ਦਾ ਉਪਦੇਸ਼- ਸ੍ਰੀ ਸਤਿਗੁਰੂ ਜੀ ਨੇ ਸਭ ਧਾਰਮਿਕ ਸੰਸਥਾਵਾਂ ਨੂੰ ਮਾਣ ਦੇਂਦਿਆਂ ਕਿਹਾ, "ਜਿਹੜਾ ਵੀ ਧਰਮ ਅਕਾਲ ਪੁਰਖ ਨਾਲ ਜੋੜਦਾ ਹੈ ਉਹ ਮੁਬਾਰਕ ਹੈ। ਕਿਉਂਕਿ ਧਰਮ ਜੋੜਦਾ ਹੈ, ਤੋੜਦਾ ਨਹੀਂ। ਤੁਸਾਂ ਸਾਰਿਆਂ ਮੇਰੇ ਬਾਰੇ ਬਹੁਤ ਕੁਝ ਕਿਹਾ ਹੈ, ਬਹੁਤ ਚੰਗਾ ਚੰਗਾ ਕਿਹਾ ਹੈ। ਅਰਦਾਸ ਕਰੋ ਪੰਥ ਸਤਿਗੁਰੂ ਦੇ ਦਸੇ ਰਸਤੇ ਤੇ ਚਲ ਸਕੇ, ਉਸ ਨੇ ਮੇਰੇ ਕੋਲੋਂ ਜੋ ਸੇਵਾ ਲੈਣੀ ਹੈ ਲੈ ਸਕੇ। ਉਸ ਨੇ ਹੀ ਇਸ ਪਾਸੇ ਲਾਉਣਾ ਹੈ। ਅਸੀਂ ਰਲ ਕੇ ਬੈਠ ਸਕੀਏ। ਅਸੀਂ ਵਪਾਰ ਲਈ- ਕਿਸੇ ਵੀ ਧਰਮ ਦੇ ਹੋਈਏ- ਇਕਠੇ ਹੋ ਜਾਂਦੇ ਹਾਂ। ਅਸੀਂ ਕਿਸੇ**

**(ਬਾਕੀ ਸਫਾ 6 'ਤੇ)**

## ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼

ਕਰਤਾ : ਸੰਤ ਕਾਲਾ ਸਿੰਘ, ਸੰਪਾਦਕ : ਦੇਵਿੰਦਰ ਸਿੰਘ ਗਿੱਲ ਜੀਆ ਨੱਥਾ

### ਪੁਜਾਰੀਆਂ ਨੇ ਚਿਠੀ ਲਿਖਣੀ ਕੂਕੇ ਤਨਖਾਹੀਏ ਹੈਨ ਗੁਰੂ ਦੁਆਰੀ ਭੇਜਣੀ

ਗੁਤਾਂ ਖੋਲਕੇ ਕਛਨੀਆਂ ਤੇੜ ਰਖਣ ਦਿੰਦੇ ਔਰਤਾਂ ਦੀ ਬੁਧ ਮਾਰ ਸਾਰੇ।
ਡੂੰਮਾਂ ਵਾਂਗ ਨੇ ਢੋਲਕਾਂ ਗਲੀਂ ਰਖਦੇ ਪਣ ਬੋਲੀਆਂ ਜੋ ਤਾੜੀ ਮਾਰ ਸਾਰੇ।
ਸੁਕੀ ਤੁਰੇ ਫਿਰਦੇ ਬਾਣੀ ਰਗੜਦੇ ਨੇ ਮਾਲਾ ਉੱਨ ਰਖਦੇ ਅੰਗ ਧਾਰ ਸਾਰੇ।
ਬਾਣਾ ਸਿੰਘਾਂ ਦਾ ਧਾਰ ਕਲਾਮ ਪੜਦੇ ਕੰਮ ਕਰਨ ਅਜੋਗ ਦੀ ਕਾਰ ਸਾਰੇ।
ਅਸਾਂ ਤੁਸਾਂ ਦੇ ਨਾਲ ਨਾ ਗੱਲ ਕਰਦੇ ਆਪਸ ਵਿਚ ਦੀ ਕਰਨ ਪਿਆਰ ਸਾਰੇ।
ਵਾਂਗ ਮਜਬੀਆਂ ਦੂਰ ਅਲਗ ਰਹਿੰਦੇ ਕਰਨ ਘਰਾਂ ਦੇ ਕੁਲ ਬਿਹਾਰ ਸਾਰੇ।

(ਚਲਦਾ)

# ਅਮਰੀਕਾ ਅਤੇ ਕਨੇਡਾ ਦੀ ਨਾਮਧਾਰੀ ਸੰਗਤ ਵਲੋਂ ਮਿਲ ਕੇ ਚਾਰ ਗੁਰਪੁਰਬ ਮਨਾਏ ਗਏ



**ਕਾਕਾ ਗੁਰਬਖਸ਼ ਸਿੰਘ ਪੁਤਰ ਸੰਤ ਅਮਰਜੀਤ ਸਿੰਘ (ਬਰੈਂਪਟਨ) ਜਥੇ ਨਾਲ ਮਿਲਕੇ ਹੱਲੇ ਦਾ ਦਿਵਾਨ ਲਾਉਂਦਾ ਹੋਇਆ।**

ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਅਪਾਰ ਕਿਰਪਾ ਸਦਕਾ ਅਤੇ ਉਹਨਾਂ ਦੀ ਆਗਿਆ ਅਨੁਸਾਰ ਨਾਮਧਾਰੀ ਸੰਗਤ ਅਮਰੀਕਾ ਅਤੇ ਕਨੇਡਾ ਵਲੋਂ 5 ਅਤੇ 6 ਸਤੰਬਰ 2015 ਨੂੰ ਮਿਲਕੇ ਬਫਲੋ ਨਿਊਯਾਰਕ, ਅਮਰੀਕਾ ਦੇ ਸਰਬ ਹਿੰਦ ਕਲਚਰਲ ਸੈਂਟਰ ਵਿਚ ਚਾਰ ਗੁਰਪੁਰਬ - ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ 200 ਪ੍ਰਕਾਸ਼ ਵਰ੍ਹਾ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਜੋਤੀ ਜੋਤਿ ਦਿਵਸ, ਸਤਿਗੁਰੂ ਜਗਜੀਤ ਸਿੰਘ ਜੀ ਦਾ ਗੁਰਗੱਦੀ ਦਿਵਸ ਅਤੇ ਸ੍ਰੀ ਕ੍ਰਿਸ਼ਨ ਭਗਵਾਨ ਜੀ ਦਾ ਪ੍ਰਕਾਸ਼ ਪੁਰਬ ਜਨਮ ਅਸ਼ਟਮੀ - ਨਾਮ ਸਿਮਰਨ, ਕਥਾ ਕੀਰਤਨ, ਕਵਿਤਾਵਾਂ ਗੀਤ ਅਤੇ ਚਾਰ ਹਵਨ ਕਰਕੇ ਮਨਾਏ ਗਏ। ਇਹ ਸਾਰਾ ਪ੍ਰੋਗਰਾਮ ਸੂਬਾ ਰੇਸ਼ਮ ਸਿੰਘ, ਸੂਬਾ ਗੁਰਦਿਆਲ ਸਿੰਘ, ਪ੍ਰਧਾਨ ਸਵਰਨ ਸਿੰਘ ਨਿਊਯਾਰਕ ਅਤੇ ਸੰਤ ਸੁਖਦੇਵ ਸਿੰਘ ਸੁਖੀ ਦੀ ਅਗਵਾਈ ਹੇਠ ਨਾਮਧਾਰੀ ਰਿਲੀਜੀਅਸ ਕਲਚਰਲ ਸੋਸਾਇਟੀ, ਨਾਮਧਾਰੀ ਸੰਗਤ ਕਨੇਡਾ ਸੋਸਾਇਟੀ ਓਨਟੈਰੀਓ, ਨਾਮਧਾਰੀ ਸਿੱਖ ਸੰਗਤ ਆਫ ਅਮਰੀਕਾ ਅਤੇ ਨਾਮਧਾਰੀ ਦਰਬਾਰ ਮੈਰੀਲੈਂਡ ਵਲੋਂ ਕਰਵਾਇਆ ਗਿਆ।

ਪ੍ਰਧਾਨ ਸਵਰਨ ਸਿੰਘ ਅਤੇ ਸੰਤ ਸੁਖਦੇਵ ਸਿੰਘ ਸੁਖੀ ਦੇ ਪਰਵਾਰ ਨੇ ਇਕ ਦਿਨ ਪਹਿਲਾਂ ਹੀ ਇਸ ਜਗ੍ਹਾ ਪਹੁੰਚ ਕੇ ਸ੍ਰੀ ਸਤਿਗੁਰੂ ਜੀ ਦਾ ਪਾਲਕੀ ਆਸਣ ਅਤੇ ਹਾਲ ਨੂੰ ਬੜੇ ਸੋਹਣੇ ਸੁਚੱਜੇ ਢੰਗ ਨਾਲ ਸਵਾਰਿਆ ਸ਼ਿੰਗਾਰਿਆ ਸੀ। ਇਸ ਦੇ ਨਾਲ ਨਾਲ ਬੀਬੀਆਂ ਵਲੋਂ ਸਾਧ ਸੰਗਤ ਵਾਸਤੇ ਲੰਗਰ ਵੀ ਤਿਆਰ ਕੀਤਾ ਗਿਆ। ਜਿਵੇਂ ਜਿਵੇਂ ਸਾਧ ਸੰਗਤ ਇਕੱਤਰ ਹੋ ਰਹੀ ਸੀ ਤੇ ਲੋੜ ਮੁਤਾਬਿਕ ਲੰਗਰ ਛਕ ਰਹੀ ਸੀ।

ਇਸ ਦੋ ਦਿਨਾਂ ਮੇਲੇ ਦੀ ਸ਼ੁਰੂਆਤ 5 ਸਤੰਬਰ ਨੂੰ 3 ਵਜੇ ਸ਼ਾਮੀ ਨਾਮ ਸਿਮਰਨ ਕਰਨ ਦੀ ਅਰਦਾਸ ਨਾਲ ਸ਼ੁਰੂ ਹੋਈ। 1 ਘੰਟਾ ਨਾਮ ਸਿਮਰਨ ਕਰਦਿਆਂ ਸਾਧ ਸੰਗਤ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਪਵਿੱਤਰ ਉਪਦੇਸ਼ ਸਰਵਣ ਕੀਤੇ ਨਾਮ ਸਿਮਰਨ ਉਪਰੰਤ ਨੌਜਵਾਨ ਸਰਮੁਖ ਸਿੰਘ ਪੁਤਰ ਸੰਤ ਸੁਖਦੇਵ ਸਿੰਘ ਨੇ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸੰਭਾਲੀ ਅਤੇ ਸਾਰੀ ਸੰਗਤ ਨੂੰ ਇਸ ਮੇਲੇ ਵਿਚ ਇਕੱਤਰ ਹੋਣ ਤੇ ਧੰਨਵਾਦੀ ਸ਼ਬਦ ਬੋਲਦਿਆਂ ਚਾਰਾਂ ਗੁਰਪੁਰਬਾਂ ਬਾਰੇ ਸੰਖੇਪ ਵਿਚ ਦੱਸਿਆ ਅਤੇ ਛੋਟੇ ਬੱਚਿਆਂ ਨੂੰ ਗੁਰਬਾਣੀ ਦਾ ਕੀਰਤਨ ਕਰਨ ਲਈ ਸਟੇਜ ਤੇ ਅੰਮ੍ਰਿਤਿਤ ਕੀਤਾ। ਇਹ ਛੋਟੇ ਛੋਟੇ ਬੱਚੇ ਸਨ : ਕਾਕਾ ਸੰਤਾ ਸਿੰਘ, ਕਾਕਾ ਸਰਵਨ ਸਿੰਘ ਅਤੇ ਕਾਕਾ ਸੰਤਾ ਸਿੰਘ (ਦੂਜਾ) ਇਹਨਾਂ ਸ਼ਬਦ ਗਾਇਨ ਕੀਤਾ :

***ਨਾਨਕ ਤਿਨਾ ਬਸੰਤੁ ਹੈ***
***ਜਿਨ ਘਰਿ ਵਸਿਆ ਕੰਤੁ।।***

ਇਹਨਾਂ ਨਾਲ ਤਬਲੇ ਤੇ ਸੰਗਤ ਸੰਤ ਸੁਖਦੇਵ ਸਿੰਘ ਸੁਖੀ ਨੇ ਕੀਤੀ।

ਕਾਕਾ ਹਰਨਾਮ ਸਿੰਘ ਪੁਤਰ ਸੰਤ ਹਰਜਿੰਦਰ ਸਿੰਘ ਲੌਫਟੀ ਲੋਜ਼ਸਟਿਕ ਨੇ ਸ਼ਬਦ ਸੁਣਾਇਆ :

***- ਸਖੀਏ ਨਾਮੁ ਮਹਾ ਰਸੁ ਪੀਓ।।***

ਇਹਨਾਂ ਨਾਲ ਤਬਲੇ ਤੇ ਸੰਤ ਹਰਪਾਲ ਸਿੰਘ ਭਲੀ ਨੇ ਕੀਤੀ। ਨੌਜਵਾਨ ਦਰਸ਼ਨ ਸਿੰਘ ਬਡਵਾਲ ਨੇ ਦਿਲਰੁਬਾ ਨਾਲ ਸ਼ਬਦ ਗਾਇਨ ਕੀਤਾ :

**(ਬਾਕੀ ਸਫਾ 6 'ਤੇ)**

# ਪ੍ਰਵਚਨ
# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## ਮਨ ਨੂੰ ਆਪਣੇ ਵਸ ਕਰੋ

*ਮਨ ਨੂੰ ਜੇ ਆਪਣੇਂ ਵਸ ਵਿਚ ਕਰ ਲਈਏ, ਤਾਂ ਕਿਸੇ ਵੀ ਚੀਜ਼ ਦੀ ਪ੍ਰਾਪਤੀ ਔਖੀ ਨਹੀਂ, ਫੇਰ ਇਸ ਨੂੰ ਵਸ ਕਿਉਂ ਨਾ ਕਰੀਏ। ਅਕਾਲ ਪੁਰਖ ਈਸ਼ਵਰ ਦੀ ਪ੍ਰਾਪਤੀ ਏਡੀ ਔਖੀ ਪ੍ਰਾਪਤੀ ਹੈ, ਜਿਸ ਬਾਰੇ ਲਿਖਿਆ ਹੈ-*

***ਹਰਿ ਕੀ ਗਤਿ ਨਹਿ ਕੋਊ ਜਾਨੈ।।***
***ਜੋਗੀ ਜਤੀ ਤਪੀ ਪਚਿਹਾਰੇ ਅਰੁ ਬਹੁ ਲੋਗ ਸਿਆਨੇ।।***

*ਏਡੀ ਵੱਡੀ ਚੀਜ਼ ਦੀ ਪ੍ਰਾਪਤੀ ਜਦੋਂ ਹੋ ਜਾਂਦੀ ਏ ਤਾਂ ਦੂਜੀਆਂ ਚੀਜ਼ਾਂ ਏਸ ਤੋਂ ਬਹੁਤ ਹੇਠਾਂ ਰਹਿ ਜਾਂਦੀਆਂ ਨੇ। ਉਹ ਏਸ ਤੋਂ ਘੱਟ ਇਕਾਗਰਤਾ ਨਾਲ ਵੀ ਪ੍ਰਾਪਤ ਹੋ ਸਕਦੀਆਂ ਨੇ। ਹੋਰ ਕਿਹੜੀ ਚੀਜ਼ ਏ ਜਿਹੜੀ ਲਾਂਭੇ ਰਹਿ ਜਾਵੇਗੀ। ਇਹ ਕੋਸ਼ਿਸ਼ ਕਰਿਆ ਕਰੋ।*


## ਭਜਨ ਕਰਨ ਨਾਲ ਉਮਰ ਵਧਦੀ ਹੈ

*ਭਜਨ ਕਰਿਆ ਕਰੋ। ਜਿਨ੍ਹਾਂ ਨੇ ਮੰਤ੍ਰ ਨਹੀਂ ਲਿਆ ਉਹ ਲੈ ਲੈਣ। ਜਿਸ ਤਰ੍ਹਾਂ ਦਾਲ ਰੋਟੀ ਸਾਡੇ ਲਈ ਜ਼ਰੂਰੀ ਹੈ, ਭਜਨ ਬਾਣੀ ਵੀ ਸਾਡੀ ਦਾਲ ਰੋਟੀ ਹੈ। ਜਿੰਨੇ ਜਿੰਨੇ ਘਰ ਦੇ ਜੀਅ ਹੋ ਓਨੇ ਘੰਟੇ ਭਜਨ ਜ਼ਰੂਰ ਹੋਣਾ ਚਾਹੀਦਾ ਹੈ। ਜਦੋਂ ਬੱਚਾ ਜਨਮ ਲਵੇ ਤਾਂ ਉਸ ਦੇ ਹਿੱਸੇ ਦਾ ਭਜਨ ਇਕ ਘੰਟਾ ਉਸਦੇ ਮਾਤਾ ਪਿਤਾ ਕਰਨ। ਜਦੋਂ ਵੱਡਾ ਹੋ ਜਾਵੇ ਤਾਂ ਉਸਨੂੰ ਆਖੋ ਕਾਕਾ ਹੁਣ ਤੱਕ ਅਸੀਂ ਤੇਰੇ ਵੰਡੇ ਦਾ ਭਜਨ ਕਰਦੇ ਰਹੇ ਹਾਂ ਹੁਣ ਤੂੰ ਖੁਦ ਕਰਿਆ ਕਰ। ਇਕ ਘੰਟੇ ਤੋਂ ਇਲਾਵਾ ਜਦੋਂ ਵੀ ਤੁਸੀਂ ਵਿਹਲੇ ਹੁੰਦੇ ਹੋ, ਤੁਹਾਡੀ ਰਸਨਾ ਜਿਸ ਵੇਲੇ ਵੇਹਲੀ ਹੁੰਦੀ ਹੈ ਭਜਨ ਕਰੋ। ਹਰ ਵੇਲੇ ਰਸਨਾ ਚਲਦੀ ਰਹੇ।* ❖



# ਗੁਰ-ਉਪਦੇਸ਼
# ਸ੍ਰੀ ਸਤਿਗੁਰੂ ਉਦੈ ਸਿੰਘ ਜੀ

## ਸਤਿਗੁਰੂ ਜੀ ਦੇ ਉਪਦੇਸ਼ ਬਾਰੇ ਆਪਸ ਵਿਚ ਚਰਚਾ ਕਰੋ



***ਸਾਧ ਸੰਗਤ ਜੀ, ਤੁਸਾਂ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਉਪਦੇਸ਼ ਸੁਣਿਆ ਹੈ ਪਤਾ ਨਹੀਂ ਇਹ ਉਪਦੇਸ਼ ਤੁਹਾਡਿਆਂ ਵਿਚੋਂ ਕਿੰਨਿਆਂ ਨੂੰ ਸਮਝ ਆਇਆ ਹੈ। ਇਹ ਠੀਕ ਹੈ ਕਿ ਕਈ ਮੇਰੀ ਉਮਰ ਦੇ ਨੇ, ਕਈ ਮੇਰੇ ਤੋਂ ਵੱਡੇ ਨੇ, ਕਈ ਮੇਰੇ ਤੋਂ ਕੁਝ ਛੋਟੇ ਨੇ ਉਹਨਾਂ ਸਾਰਿਆਂ ਨੇ ਸਮਝ ਲਿਆ ਹੋਏਗਾ। ਪਰ ਜਿਹੜੇ ਬੱਚੇ ਇਥੇ ਜੰਮੇ ਨੇ, ਇਥੇ ਪੜ੍ਹੇ ਨੇ ਉਹਨਾਂ ਨੂੰ ਪਤਾ ਨਹੀਂ ਕੀ ਕਿੰਨਿਆਂ ਨੂੰ ਕੁ ਸਮਝ ਆਇਆ ਹੈ। ਜੇ ਅਸੀਂ 10-12 ਮਿੰਟ ਦਾ ਉਪਦੇਸ਼ ਲੈ ਲਈਏ, ਉਹਦੇ ਵਿਚ ਇਨਾਂ ਕੁਝ ਸੀ ਕਿ ਸਾਰੀ ਸਿਖੀ ਦੀ ਸਮਝ ਆ ਜਾਂਦੀ ਹੈ ਤੇ ਉਹਦੇ ਵਿਚੋਂ ਅਸੀਂ 10-20 % ਵੀ ਆਪਣੀ ਜ਼ਿੰਦਗੀ ਵਿਚ ਇੰਪਲੀਮੈਂਟ ਕਰ ਲਈਏ (ਅਪਣਾ ਲਈਏ) ਤੇ ਅਸੀਂ ਇਥੇ ਵੀ ਸੁਖੀ ਹਾਂ ਤਾਂ ਸਾਡਾ ਅੱਗਾ ਵੀ ਸੁਖੀ ਹੋ ਜਾਂਦਾ ਹੈ। ਇੰਨਾਂ ਚੰਗਾ ਉਪਦੇਸ਼ ਸੀ ਇਕ ਮੈਂ ਅਰਜ਼ ਕਰਨੀ ਚਾਹਵਾਂਗਾ ਤੁਸੀਂ ਨੌਜਵਾਨ ਆਪਣੇ ਗਰੁੱਪ ਬਣਾਓ। ਆਪਣੇ ਗਰੁੱਪ ਬਣਾ ਕੇ ਤੁਸੀਂ ਆਪਸ ਵਿਚ ਡਿਸਕਸ (ਵਿਚਾਰ) ਕਰ ਸਕਦੇ ਹੋ। ਕੁਝ ਤੁਹਾਡੀ ਉਮਰ ਦੇ ਬੱਚੇ ਹੈਗੇ ਨੇ ਜਿੰਨਾਂ ਨੂੰ ਪੰਜਾਬੀ ਜ਼ਿਆਦਾ ਚੰਗੀ ਤਰ੍ਹਾਂ ਸਮਝ ਆਉਂਦੀ ਏ, ਕਿ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਉਪਦੇਸ਼ ਸੁਣ ਕੇ ਉਹਦੇ ਵਿਚੋਂ ਤੁਹਾਨੂੰ ਕੀ ਸਮਝ ਆਈ ਏ, ਇਹ ਤੁਸੀਂ ਦੂਜਿਆਂ ਨਾਲ ਡਿਸਕਸ (ਵਿਚਾਰ) ਕਰੋ। ਤੇ ਮੇਰੀ ਮੈਨੇਜਮੈਂਟ (ਪ੍ਰਬੰਧਕਾਂ) ਕੋਲ ਬੇਨਤੀ ਹੈ ਕਿ ਇਹ ਜਿਹੜਾ ਵੀ ਬੱਚਾ ਆਪਣੇ ਵਿਊ ਐਕਸਪ੍ਰੈਸ (ਵਿਚਾਰ ਦੱਸਣਾ) ਚਾਹਵੇ ਕਿ ਮੈਨੂੰ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਉਪਦੇਸ਼ ਮੁਤਾਬਿਕ ਕੀ ਸਮਝ ਆਇਆ ਉਸ ਸਟੇਜ ਤੇ ਆ ਕੇ ਜੋ ਵੀ ਉਹਦੀ ਸਭ ਤੋਂ ਵਧੀਆ ਲੈਂਗਵੇਜ਼ (ਭਾਸ਼ਾ) ਏ ਭਾਵੇਂ ਅੰਗਰੇਜ਼ੀ ਏ, ਭਾਵੇਂ ਪੰਜਾਬੀ ਏ ਉਹਦੇ ਵਿਚ ਤੁਸੀਂ ਆਪਣੇ ਨਾਲ ਦਿਆਂ ਨਾਲ ਸ਼ੇਅਰ (ਵਿਚਾਰ) ਕਰੋ ਕਿ ਮੈਨੂੰ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਉਪਦੇਸ਼ ਵਿਚੋਂ ਇਹ ਸਿਖਣ ਨੂੰ ਮਿਲਿਆ ਹੈ। ਇਹਨੀ ਅਰਜ਼ ਕਰਕੇ ਮੈਂ ਖਿਮਾ ਮੰਗਦਾ ਹਾਂ।***

***ਸਤਿ ਸ੍ਰੀ ਅਕਾਲ।***

***-ਨੌਰਥੋਲਟ, 22 ਅਗਸਤ***

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।।

## *ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਛਤਰ ਛਾਇਆ ਹੇਠ*

## ਸ੍ਰੀ ਭੈਣੀ ਸਾਹਿਬ (ਪੰਜਾਬ) ਵਿਖੇ ਤੀਸਰਾ

# ਸਲਾਨਾ

# ਜਪ ਪ੍ਰਯੋਗ

***ਆਰੰਭ :*** **1 ਅੱਸੂ 2072 (ਵੀਰਵਾਰ 17 ਸਤੰਬਰ 2015)**

***ਸਮਾਪਤੀ :*** **27 ਅੱਸੂ 2072 (ਮੰਗਲਵਾਰ 13 ਅਕਤੂਬਰ 2015)**

**ਮੇਲਾ : 28, 29, 30 ਅੱਸੂ ਤੇ 1 ਕੱਤਕ 2072 (14 ਤੋਂ 17 ਅਕਤੂਬਰ 2015**

### ਪ੍ਰਤੀ ਦਿਨ ਦਾ ਪ੍ਰੋਗਰਾਮ

| | |
|---|---|
| ਜਪ-ਪ੍ਰਯੋਗ (ਨਾਮ ਦਾ ਜਾਪ) : ਅੰਮ੍ਰਿਤ ਵੇਲੇ 2.00 ਵਜੇ ਤੋਂ ਸਵੇਰੇ 6.00 ਅਤੇ ਦੁਪਹਿਰ 12 ਤੋਂ 4 ਵਜੇ ਤੱਕ | |
| ਆਸਾ ਦੀ ਵਾਰ ਦਾ ਕੀਰਤਨ : ਅੰਮ੍ਰਿਤ ਵੇਲੇ 4.00 ਤੋਂ 6.00 ਵਜੇ ਤੱਕ | |
| ਕਥਾ : 12 ਤੋਂ 1.00 (ਜਥੇਦਾਰਾਂ ਦੁਆਰਾ) | 1.00 ਤੋਂ 2.00 ਸਤਿਗੁਰੂ ਬਿਲਾਸ-ਸੰਤ ਸੰਤੋਖ ਸਿੰਘ |
| ਦੁਪਹਿਰ ਦਾ ਨਿਤਨੇਮ 2.00 ਤੋਂ 3.00 | ਉਪਰੰਤ ਗੁਰਬਾਣੀ ਦਾ ਕੀਰਤਨ |

**ਸ੍ਰੀ ਭੈਣੀ ਸਾਹਿਬ ਪਹੁੰਚ ਕੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰੀਏ: "ਕੋਟਿ ਫਲਾ ਦਰਸਨ ਗੁਰ ਡੀਠੇ"**

### ਮੇਲੇ ਦੇ ਆਖ਼ਰੀ ਚਾਰ ਦਿਨਾਂ ਦਾ ਪ੍ਰੋਗਰਾਮ

ਤਾਰੀਖਾਂ ਤੇ ਦਿਨ : 28, 29, 30 ਅੱਸੂ ਤੇ 1 ਕੱਤਕ 2072 (14 ਤੋਂ 17 ਅਕਤੂਬਰ 2015) ਬੁਧਵਾਰ, ਵੀਰਵਾਰ, ਸ਼ੁੱਕਰਵਾਰ ਅਤੇ ਸ਼ਨੀਵਾਰ।

ਵਿਸ਼ੇਸ਼ ਪ੍ਰੋਗਰਾਮ : ❑ ਨਾਮ ਸਿਮਰਨ ❑ ਆਸਾ ਦੀ ਵਾਰ ਦਾ ਕੀਰਤਨ ❑ ਹੱਲੇ ਦੇ ਦਿਵਾਨ ❑ ਕਵੀ ਦਰਬਾਰ

ਵਿਸ਼ੇਸ਼ ਇਕੱਤ੍ਰਤਾਵਾਂ : ❑ ਨਾਮਧਾਰੀ ਦਰਬਾਰ ❑ ਸੂਬੇ ਸਾਹਿਬਾਨ ❑ ਸਤਿਜੁਗ ਸਪਤਾਹਿਕ ❑ ਵਿਸ਼ਵ ਨਾਮਧਾਰੀ ਵਿਦਿਅਕ ਜਥੇ

ਅਨੰਦ ਕਾਰਜ : 1 ਕੱਤਕ 2072 (17 ਅਕਤੂਬਰ 2015) ਸ਼ਨੀਵਾਰ-ਅੰਮ੍ਰਿਤ ਵੇਲੇ

ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਪਾਠ ਕਰਕੇ ਲਿਆਓ ਅਤੇ ਮਿਥੇ ਪ੍ਰੋਗਰਾਮ ਅਨੁਸਾਰ ਸ੍ਰੀ ਭੈਣੀ ਸਾਹਿਬ ਪਹੁੰਚ ਕੇ ਜਪ-ਪ੍ਰਯੋਗ ਵਿਚ ਸ਼ਾਮਲ ਹੋਣ ਦਾ ਉੱਦਮ ਕਰੋ।

ਜ਼ਰੂਰੀ ਸੂਚਨਾ: ਸਾਰੇ ਨਾਮਧਾਰੀ ਸਿੱਖ ਗੁਰਮੁਖੀ ਪਹਿਰਾਵੇ ਵਿਚ ਆਉਣ। ਕੋਈ ਵਿਅਕਤੀ ਮੇਲੇ ਵਿੱਚ ਡਾਂਗ ਸੋਟਾ ਜਾਂ ਹਥਿਆਰ ਲੈ ਕੇ ਨਾ ਆਵੇ। ਸਾਰੇ ਆਪੋ ਆਪਣੇ ਆਸਣ, ਮਾਲਾ, ਪਊਏ, ਗੜਵੇ, ਗੁਟਕੇ ਨਾਲ ਲੈ ਕੇ ਆਉਣ। ਨਸ਼ੇ ਵਾਲੀਆਂ ਚੀਜ਼ਾਂ ਪੀ ਕੇ ਜਾਂ ਨਾਲ ਲੈ ਕੇ ਆਉਣ ਦੀ ਸਖ਼ਤ ਮਨਾਹੀ ਹੈ। ਸ੍ਰੀ ਸਤਿਗੁਰੂ ਜੀ ਦੇ ਥਾਪੇ ਪ੍ਰਬੰਧਕਾਂ ਦੀ ਆਗਿਆ ਦਾ ਪਾਲਣ ਕਰਨਾ ਜ਼ਰੂਰੀ ਹੈ। ਸਾਧ ਸੰਗਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਲਾਏ ਸਦਾ ਵਰਤ-ਲੋਹ ਲੰਗਰ-ਵਿਚੋਂ ਪ੍ਰਸ਼ਾਦਾ ਛਕਣ ਦੀ ਕਿਰਪਾ ਕਰੇ। ਸਫਾਈ ਦਾ ਖਾਸ ਧਿਆਨ ਰੱਖਿਆ ਜਾਵੇ।

**ਸਾਧ ਸੰਗਤ ਲੋੜ ਅਨੁਸਾਰ ਆਪਣੇ ਬਿਸਤਰੇ ਨਾਲ ਲਿਆਉਣ ਦੀ ਕਿਰਪਾ ਕਰੇ।**

ਨੋਟ : ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਪ੍ਰੋਗਰਾਮ ਵਿਚ ਤਬਦੀਲੀ ਕੀਤੀ ਜਾ ਸਕਦੀ ਹੈ।

## ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ (ਪੰਜਾਬ)

CADCON, INC N. Delhi-58

# ਸਤਿਗੁਰੂ ਜੀ ਦਾ ਸੁਆਗਤ ਸਤਿਕਾਰ... (ਬਾਕੀ ਸਫਾ 2 ਦੀ)

**ਵੀ ਧਰਮ ਦੇ ਹੋਈਏ ਨਾਮ ਜਪਣ ਲਈ ਵੀ ਇਕਠੇ ਹੋ ਜਾਇਆ ਕਰੀਏ।''**

ਆਪ ਜੀ ਨੇ ਇਹ ਵੀ ਫਰਮਾਇਆ ਕਿ ਗੁਰੂ ਨਾਨਕ ਨੇ ਕਿਹਾ ਹੈ ਕਿ **ਸਭ ਗੋਬਿੰਦ ਹੈ, ਸਭ ਗੋਬਿੰਦ ਹੈ ਗੋਬਿੰਦ ਬਿਨ ਨਹੀ ਕੋਇ। ਨਿੰਦਾ ਭਲੀ ਕਿਸੈ ਕੀ ਨਾਹੀ। ਹਰ ਕਾ ਨਾਮ ਸਦਾ ਸੁਖਦਾਈ ਹੈ।**

ਆਪ ਨੇ ਹੋਰ ਕਿਹਾ ਕਿ **ਨਾਮਧਾਰੀ ਸਿਖਾਂ ਬਾਰੇ ਚੰਗਾ ਚੰਗਾ ਕਿਹਾ ਹੈ। ਕਿਰਪਾ ਹੋਵੇ ਅਸੀਂ ਓਹੋ ਜਿਹੇ ਬਣ ਸਕੀਏ ਜਿਹੋ ਜਿਹੇ ਤੁਸੀਂ ਕਿਹਾ ਹੈ। ਅਸੀਂ ਸਿੱਖੀ ਤੇ ਕਾਇਮ ਰਹਿ ਸਕੀਏ।** ਸ੍ਰੀ ਸਤਿਗੁਰੂ ਜੀ ਨੇ ਪੰਜਾਬੀ ਪੜ੍ਹਨ ਲਈ ਬਣੇ ਸਕੂਲ ਨੁਮਾਂ ਕਮਰੇ ਦਾ ਫੀਤਾ ਕੱਟਦਿਆਂ ਸੰਦੇਸ਼ ਲਿਖਿਆ :

**ੴ**

**ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।।**

**ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕਿਰਪਾ ਕਰਨ ਇਸ ਸਕੂਲ ਵਿਚ ਤੁਸੀਂ ਮਾਂ ਬੋਲੀ ਪੰਜਾਬੀ ਦੀ ਵਧ ਤੋਂ ਵਧ ਸੇਵਾ ਕਰ ਸਕੋ ਤਾਂਕਿ ਬੱਚੇ ਇਸ ਨਾਲ ਜੁੜ ਸਕਣ।**

**ਪਿਛਲੇ ਪਹਿਰ** ਦੇ ਸਮਾਗਮ ਦੀ ਸਮਾਪਤੀ ਉਪਰੰਤ ਜਿਥੇ ਸੰਗਤ ਇਕ ਨਿਵੇਕਲੀ ਰੰਗ ਵਿਚ ਰੰਗੀ, ਆਸਾ ਦੀ ਵਾਰ ਦੇ ਕੀਰਤਨ ਵਿਚ ਸਵਖਤੇ ਆਉਣ ਲਈ ਜਾ ਰਹੀ ਸੀ ਓਥੇ ਕੁਲਦੀਪ ਸਿੰਘ ਉਭੀ ਦੀ ਵੀ ਪਿਠ ਥਾਪੜੀ ਜਾ ਰਹੀ ਸੀ ਜਿਸ ਦੀ ਮਿਹਨਤ ਨਾਲ ਇਹ ਸਰਬ ਧਰਮ ਸੰਮੇਲਨ ਬਣਿਆ।

**24 ਅਗਸਤ ਸੋਮਵਾਰ**–ਆਸਾ ਦੀ ਵਾਰ ਵਿਚ ਹਜੂਰੀ ਰਾਗੀਆਂ ਦੀਆਂ ਸੁਰਾਂ ਇਹ ਕਹਿੰਦੀਆਂ ਨਾਮ ਜਪਣ ਲਈ ਵੀ ਪ੍ਰੇਰ ਰਹੀਆਂ ਸਨ :

***ਜਿਨੀ ਐਸਾ ਹਰਿ ਨਾਮ ਨ ਚੇਤਿਓ***
***ਸੇ ਕਾਹੇ ਜਗਿ ਆਏ ਰਾਮ ਰਾਜੇ।।***

ਅਰਦਾਸ ਪਿਛੋਂ ਬੱਚਿਆਂ-ਬੱਚੀਆਂ ਦਾ ਸ੍ਰੀ ਸਤਿਗੁਰੂ ਜੀ ਦੀ ਹਜੂਰੀ ਵਿਚ ਸ਼ਬਦ ਗਾਇਨ ਕਰਕੇ ਆਪ ਜੀ ਦੀ ਕਿਰਪਾ ਦ੍ਰਿਸ਼ਟੀ ਦਾ ਲਾਹਾ ਲੈਣ ਦਾ ਪ੍ਰੋਗਰਾਮ ਸੀ। ਵਾਰੀ ਸਿਰ ਅਨੂਪ ਕੌਰ ਪਨੇਸਰ, ਰੰਗਾ ਸਿੰਘ ਸੱਗੂ, ਗਿਆਨ ਕੌਰ ਭੋਗਲ, ਰੰਗਾ ਕੌਰ ਦੇਵਗਨ, ਪ੍ਰੀਤਮ ਕੌਰ, ਕਰਤਾਰ ਸਿੰਘ ਪਨੇਸਰ, ਹਰਨਾਮ ਕੌਰ, ਗਗਨ ਕੌਰ, ਹਰਸਾ ਸਿੰਘ, ਰਵਨੀਤ ਕੌਰ, ਹਾਕਮ ਸਿੰਘ ਸੁਰਧਰ, ਗਿਆਨ ਸਿੰਘ ਸੁਰਧਰ ਆਦਿ ਸਾਜਾਂ ਨਾਲ ਆਉਂਦੇ ਗਏ ਤੇ ਆਪਣੀ ਹਾਜਰੀ ਲੁਆਉਂਦੇ ਗਏ। ਬੱਚੇ ਤੇ ਉਹਨਾਂ ਦੇ ਉਸਤਾਦ ਵਡਿਆਉਣ ਯੋਗ ਹਨ।

**ਪਿਛਲੇ ਪਹਿਰ :** ਨਿਤਨੇਮ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਦਾ ਉਪਦੇਸ਼ ਮਰਯਾਦਾ ਵਿਚ ਰਹਿਣ ਲਈ ਪ੍ਰੇਰਨਾ ਦਾਇਕ ਸੀ। ਉਸ ਤੋਂ ਬਾਅਦ ਬੀਬੀ ਪਵਨਜੀਤ ਕੌਰ ਨੇ 'ਬਿਸਰ ਨਹੀਂ ਮਨ ਤੇ ਹਰੀ' ਅਤੇ ਇਕ ਬਾਲ ਹੁਸੈਨ ਨੇ, ਦਇਆ ਕਰੇ ਸੁਖ ਦਾਤਾ ਸਤਿਗੁਰੂ ਦਇਆ ਕਰੇ।' ਸ਼ਬਦ ਗਾਇਨ ਕੀਤੇ। ਰਾਜਿੰਦਰ ਸਿੰਘ ਬਾਂਸਲ ਨੇ ਪਹਿਲਾ ਆਜਾਦੀ ਦਾ ਬਿਗੁਲ ਵਜਾਉਣ ਵਾਲੇ ਸਤਿਗੁਰੂ ਰਾਮ ਸਿੰਘ ਜੀ ਬਾਰੇ ਕਵਿਤਾ ਪੇਸ਼ ਕੀਤੀ।

ਪ੍ਰਧਾਨ ਸੁਲਖਣ ਸਿੰਘ ਜੰਡੂ ਦੀ ਅਗਵਾਈ ਹੇਠ ਬਲਵਿੰਦਰ ਸਿੰਘ ਚਾਨਾ, ਮਹਿੰਦਰ ਸਿੰਘ ਦੇ ਕਵੀਸ਼ਰੀ ਜਥੇ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅੰਤਿਮ ਸਮਾਂ ਸਾਕਾਰ ਕਰ ਦਿੱਤਾ।

ਏਥੋਂ ਦੀ ਸੰਗਤ ਦੇ **ਪ੍ਰਧਾਨ ਡਾ. ਸੁਖਦੇਵ ਸਿੰਘ** ਹੁਰਾਂ ਦਸਿਆ ਕਿ ਸ੍ਰੀ ਸਤਿਗੁਰੂ ਜੀ ਦੇ ਹੇਠ ਲਿਖੇ ਅਨੁਸਾਰ ਨੌਜਵਾਨਾਂ ਨੂੰ ਸੇਵਾਂਵਾ ਬਖਸ਼ੀਆਂ ਹਨ :

1. ਬਲਵੰਤ ਸਿੰਘ ਪਨੇਸਰ : ਨੌਜਵਾਨਾਂ ਨੂੰ ਪ੍ਰੇਰਨਾ ਤੇ ਵਿਕਾਸ
2. ਗੁਰਦੀਪ ਕੌਰ : ਸਟੇਜ ਸਕੱਤਰ
3. ਬਲਵੰਤ ਸਿੰਘ ਨਿਓਤਰਾ : ਬਿਲਡਿੰਗ
4. ਜਸਵਿੰਦਰ ਸਿੰਘ ਰੀਹਲ : ਬਿਲਡਿੰਗ
5. ਆਸਾ ਸਿੰਘ ਚਾਨਾ : ਖ਼ਜਾਨਚੀ
6. ਪ੍ਰਦੀਪ ਸਿੰਘ ਮਾਰਵੇ : ਮੀਡੀਆ ਤੇ ਪਬਲੀਸਿਟੀ
7. ਰਵੀ ਕੌਰ ਸੀਹਰਾ : ਮੀਡੀਆ ਤੇ ਪਬਲੀਸਿਟੀ

ਛੇ ਮਹੀਨੇ ਬਾਅਦ ਕਮੇਟੀ ਵਿਚ ਵਾਧੇ ਬਾਰੇ ਵਿਚਾਰਨਾ ਵੀ ਹੁਕਮ ਹੋਇਆ। ਸਮਾਪਤੀ ਸਮੇਂ ਇਹ ਵੀ ਦਸਿਆ ਗਿਆ ਕਿ ਕਲ੍ਹ ਸਵੇਰੇ ਆਸਾ ਦੀ ਵਾਰ ਵਿਚ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਨਾਮਧਾਰੀ ਗੁਰਦੁਆਰਾ ਲੈਸਟਰ ਦਰਸ਼ਨ ਹੋਣਗੇ।

**ਬੱਚਿਆਂ ਨੂੰ ਸਿੱਖੀ ਬਾਰੇ ਸਿਖਾਈਏ -ਸਤਿਗੁਰੂ ਉਦੈ ਸਿੰਘ ਜੀ**

**ਲੈਸਟਰ 25 ਅਗਸਤ**– ਅੱਜ ਮੰਗਲਵਾਰ ਏਥੇ ਨਾਮਧਾਰੀ ਗੁਰਦੁਆਰੇ ਵਿਚ ਉਪਦੇਸ਼ ਦੇਂਦਿਆਂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਕਿਹਾ, **"ਬੱਚਿਆਂ ਨੂੰ ਸਿਖੀ ਬਾਰੇ ਸਿਖਾਈਏ। ਸੂਰਜ ਚੜ੍ਹਨ ਤੋਂ ਪਹਿਲਾਂ ਜ਼ਰੂਰ ਉਠੋ, ਇਸ਼ਨਾਨ ਕਰੋ ਤੇ ਭਜਨ ਕਰੋ। ਅਸੀਂ ਸਤਿਗੁਰੂ ਬਾਰੇ ਬਚਨ ਕਰੀਏ, ਸਿਖੀ ਬਾਰੇ ਗਲਬਾਤ ਕਰੀਏ। ਗੁਰਬਾਣੀ ਪੜ੍ਹਨ ਸੁਣਨ ਸਮੇਂ ਉਸ ਵਿਚੋਂ ਚੰਗੀ ਲਗੀ ਤੁਕ ਉਤੇ ਚਲਣ ਦੀ ਕੋਸ਼ਿਸ਼ ਕਰੀਏ।"**

ਆਪ ਨੇ ਹੋਰ ਫਰਮਾਇਆ, **"ਸਾਧ ਸੰਗਤ ਜਿਹੜੀ ਸਤਿਗੁਰੂ ਦੀ ਵਰੋਸਾਈ ਹੋਈ ਹੈ, ਉਸ ਦੇ ਭਲੇ ਲਈ ਮੈਂ ਕੀ ਉਪਦੇਸ਼ ਕਰ ਸਕਦਾ ਹਾਂ।"** ਇਹ ਸ਼ਬਦ ਆਪ ਜੀ ਦੀ ਨਿਮਰਤਾ ਦਾ ਪ੍ਰਗਟਾਵਾ ਸਨ।

ਅੱਜ ਦੇ ਪ੍ਰੋਗਰਾਮ ਦਾ ਆਰੰਭ ਅੰਮ੍ਰਿਤ ਵੇਲੇ ਹਜੂਰੀ ਕੀਰਤਨੀ ਜਥੇ ਵਲੋਂ ਸੁਰੀਲੀਆਂ ਰਸੀਲੀਆਂ ਧੁਨਾਂ ਵਿਚ ਆਸਾ ਦੀ ਵਾਰ ਦੇ ਕੀਰਤਨ ਨਾਲ ਹੋਇਆ। ਅਰਜ਼ ਸਤਿਗੁਰੂ ਦੇ ਚਰਨਾਂ ਵਿਚ ਹੀ ਸੀ :

***ਜਿਉ ਭਾਵੈ ਤਿਉ ਰਾਖਿ ਲੈ***
***ਹਮ ਸਰਣਿ ਪ੍ਰਭ ਆਏ।।***

**ਪਿਛਲੇ ਪਹਿਰ :** ਨਾਮ ਸਿਮਰਨ ਦੌਰਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਟੇਪ ਉਪਦੇਸ ਸੀ, "ਸਤਿਗੁਰੂ ਰਾਮ ਸਿੰਘ ਜੀ ਨੇ ਆਪਣੀ ਰਜ਼ਾ ਅਨੁਸਾਰ ਦਰਸ਼ਨ ਦੇਣੇ ਹਨ। ਅਸਾਂ ਮਨ ਕੀ ਮੱਤ ਤਿਆਗਣੀ ਹੈ। ਕੋਈ ਨੁਕਤਾਚੀਨੀ ਨਹੀਂ ਕਰਨੀ ਕਿਉਂਕਿ ਨੁਕਤਾਚੀਨੀ ਨਾਲ ਕੋਈ ਕੰਮ ਸਿਰੇ ਨਹੀਂ ਚੜ੍ਹਦਾ। ਇਕ ਪਾਸੇ ਨੁਕਤਾਚੀਨੀ ਹੈ ਦੂਜੇ ਪਾਸੇ ਸਰਧਾ ਹੈ।"

ਬੀਬੀ ਦਲਜੀਤ ਕੌਰ ਦੇ ਬੋਲ ਨਾਵਾਂ ਵਾਲੇ ਨਾਮ ਜਪਣ ਵਾਲੇ ਛੋਟੇ ਬੱਚੇ ਬੱਚੀਆਂ ਨੂੰ ਸ੍ਰੀ ਸਤਿਗੁਰੂ ਜੀ ਨੇ ਅਸ਼ੀਰਵਾਦ ਦਿੱਤਾ। ਹਜ਼ੂਰੀ ਰਾਗੀਆਂ ਨੇ

***ਬਿਜੁਰੀਆ ਚਮਕਣ ਘੁਰਣ ਘਟਾ ਛਾਈ।***

ਅਤੇ

***ਬਰਸ ਮੇਘ ਜੀ ਛਿਨ ਬਿਲਮ ਨਾ ਲਾਓ।।***

ਸ਼ਬਦ ਗਾਇਨ ਕੀਤੇ। ਨਾਮਧਾਰੀ ਸੰਗਤ ਲੀਡਜ਼ ਜਿਥੇ ਕਲ੍ਹ ਪ੍ਰੋਗਰਾਮ ਹੈ - ਦੇ ਜਨਰਲ ਸਕੱਤਰ ਇੰਦਰਜੀਤ ਸਿੰਘ ਮਠਾੜੂ ਤੇ ਸੰਤ ਸੁਚਾ ਸਿੰਘ ਨੇ ਸ੍ਰੀ ਸਤਿਗੁਰੂ ਜੀ ਦੇ ਚਰਨ ਪਰਸੇ। ਉਹ ਫੁੱਲਾਂ ਦੇ ਹਾਰ ਲੈ ਕੇ ਹਾਜਰ ਹੋਏ। ਜਨਰਲ ਸਕੱਤਰ ਸਤਵੰਤ ਸਿੰਘ ਨੇ ਦੱਸਿਆ ਕਿ ਵਾਨਜ਼ ਕਮਿਊਨਿਟੀ ਸੈਂਟਰ, ਸਪਾਰਿੰਗ ਪੁਲਿਸ ਸੈਂਟਰ, ਸਵਾਮੀ ਨਰਾਇਣ ਮੰਦਰ ਲੈਸਟਰ, ਅਕਾਲ ਚੈਨਲ ਦੇ ਆਗੂ ਤੇ ਕਾਰਕੁਨ ਸਤਿਗੁਰੂ ਜੀ ਪ੍ਰਤੀ ਸ਼ਰਧਾ ਸਤਿਕਾਰ ਪ੍ਰਗਟ ਕਰਨ ਲਈ ਹਾਜਰ ਹੋਏ ਹਨ। ਉਹ ਸਦਾ ਨਾਮਧਾਰੀ ਸੰਗਤ ਦੇ ਸਹਿਯੋਗੀ ਰਹੇ ਹਨ। ਅਕਾਲ ਚੈਨਲ ਦੇ ਕਾਰਕੁੰਨ ਸ੍ਰੀ ਚੰਦਰਸ਼ੇਖਰ ਜਿਹੜੇ ਡਰਬੀ ਵਾਲੇ ਸੰਤ ਰਣਜੀਤ ਸਿੰਘ ਚੈਨਲ ਦੇ ਮਿੱਤਰ ਹਨ ਨੇ ਦਸਿਆ ਕਿ ਸੰਤ ਰਣਜੀਤ ਸਿੰਘ ਹੁਰੀਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਦੇਹ ਦਾ ਓਹਲਾ ਕਰਨ ਪਿਛੋਂ ਉਦਾਸ ਉਦਾਸ ਸਨ। ਸਤਿਗੁਰੂ ਜੀ ਨੇ ਉਹਨਾਂ ਨੂੰ ਸੁਪਨੇ ਵਿਚ ਦਰਸ਼ਨ ਦੇ ਕੇ ਕਿਹਾ, "ਰਣਜੀਤ ਤੂੰ ਕਣਕ ਨਹੀਂ ਭੇਜੀ, ਮੇਲਾ ਕਰਵਾਉਣਾ ਵੀ ਛੱਡ ਦਿੱਤਾ ਹੈ, ਮੇਲੇ ਵਿਚ ਆਉਂਦੇ ਵੀ ਨਹੀਂ। ਦੁਬਿਧਾ ਛੱਡ ਤੂੰ ਗੁਆਚ ਗਿਆ ਹੈਂ। ਸੰਤ ਜੀ ਨੇ ਦਸਿਆ ਉਸ ਸਮੇਂ ਸਤਿਗੁਰੂ (ਜਗਜੀਤ ਸਿੰਘ) ਜੀ ਨਾਲ ਸੱਚੇ ਪਾਤਸ਼ਾਹ (ਸਤਿਗੁਰੂ ਉਦੈ ਸਿੰਘ) ਵੀ ਸਨ। ਉਹ ਡਰਦਾ ਡਰਦਾ ਬੋਲਿਆ, "ਹਾਂ ਜੀ ਗੁਆਚ ਗਿਆ ਸਾਂ।" ਉਦੋਂ ਹੀ ਉਸ ਦੀ ਅੱਖ ਖੁਲ੍ਹ ਗਈ ਤੇ ਸੁਪਨਾ ਟੁੱਟ ਗਿਆ।

ਸਤਿਗੁਰੂ ਜੀ ਦੇ ਉਪਦੇਸ਼ ਕਿ **ਬੱਚਿਆਂ ਨੂੰ ਸਿਖੀ ਸਿਖਾਈਏ** ਬਾਅਦ ਪ੍ਰੋਗਰਾਮ ਦੀ ਸਮਾਪਤੀ ਹੋਈ। **(ਚਲਦਾ)**

**ਤਾਰਾ ਸਿੰਘ ਅਨਜਾਣ**

# ਅਮਰੀਕਾ ਅਤੇ ਕਨੇਡਾ ਦੀ ਨਾਮਧਾਰੀ ਸੰਗਤ ਵਲੋਂ ਚਾਰ ਗੁਰਪੁਰਬ... (ਬਾਕੀ ਸਫਾ 2 ਦੀ)




**ਬੀਬੀ ਬਲਵੰਤ ਕੌਰ, ਬੀਬੀ ਸਤਵਿੰਦਰ ਕੌਰ ਸ਼ਬਦ ਗਾਇਨ ਕਰਦੇ ਹੋਏ ਅਤੇ ਤਬਲੇ ਤੇ ਸਾਥ ਦੇ ਰਹੇ ਹਨ ਸੰਤ ਬਲਬੀਰ ਸਿੰਘ।**

***-ਅਉਖੀ ਘੜੀ ਨਾ ਦੇਖਣ ਦੇਈ।।***

ਸੰਤ ਹਾਕਮ ਸਿੰਘ ਬਡਵਾਲ ਨੇ ਸ਼ਬਦ ਸੁਣਾਇਆ :

***ਰਾਮ ਨਾਮ ਬੋਲਿ ਬੋਲਿ ਖੋਜਤੇ ਬਡਭਾਗੀ।।***

ਇਹਨਾਂ ਨਾਲ ਵੀ ਤਬਲੇ ਤੇ ਸੰਗਤ ਸੰਤ ਹਰਪਾਲ ਸਿੰਘ ਨੇ ਕੀਤੀ।

ਹੁਣ ਵਾਰੀ ਸੰਤ ਬਲਦੇਵ ਸਿੰਘ ਰਾਗੀ ਦੀ ਆਈ ਤੇ ਉਹਨਾਂ ਨੇ ਸ਼ਬਦ ਸੁਣਾਇਆ :

***ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ।***

ਉਪਰੰਤ ਇਕ ਗੀਤ ਸੁਣਾਇਆ :

*ਭੈਣੀ ਸਾਹਿਬ ਵਿਚ ਆਇਆ*
*ਚੀਨੀ ਅਸਵਾਰ ਸੀ।*

ਇਹਨਾਂ ਨਾਲ ਤਬਲੇ ਤੇ ਸੰਗਤ ਸੰਤ ਸੁਖਦੇਵ ਸਿੰਘ ਸੁਖੀ ਨੇ ਕੀਤੀ।

ਬੀਬੀ ਬਲਵੰਤ ਕੌਰ, ਬੰਤਾ ਸਿੰਘ ਤੇ ਆਸਾ ਸਿੰਘ ਨੇ ਸ਼ਬਦ ਗਾਇਨ ਕੀਤਾ ਤੰਤੀ ਸਾਜਾਂ ਨਾਲ :

***ਰਾਖਾ ਏਕੁ ਹਮਾਰਾ ਸੁਆਮੀ***
***ਸਗਲ ਘਟਾ ਕਾ ਅੰਤਰਜਾਮੀ।।***

ਬੀਬੀ ਬਲਵੰਤ ਕੌਰ ਨੇ ਸ਼ਬਦ ਸੁਣਾਇਆ :

***ਸਭੈ ਘਟ ਰਾਮੁ ਬੋਲੈ ਰਾਮਾ ਬੋਲੈ।।***

ਇਹਨਾਂ ਨਾਲ ਤਬਲਾ ਸੰਤ ਬਲਬੀਰ ਸਿੰਘ ਦਿੱਲੀ ਨੇ ਵਜਾਇਆ।

ਬੀਬੀ ਸਤਵਿੰਦਰ ਕੌਰ ਪਤਨੀ ਨੌਜਵਾਨ ਸਰਮੁਖ ਸਿੰਘ ਸਟੇਜ ਸਕੱਤਰ ਨੇ ਸ਼ਬਦ ਸੁਣਾਇਆ :

***ਹਰਿ ਕੀ ਗਤਿ ਨਹਿ ਕੋਊ ਜਾਨੈ।।***

ਤਬਲੇ ਤੇ ਸੰਗਤ ਸੰਤ ਸੁਖਦੇਵ ਸਿੰਘ ਨੇ ਕੀਤੀ।

ਅੱਜ ਬਜ਼ੁਰਗ ਮਾਤਾ ਬੀਬੀ ਸਵਰਨ ਕੌਰ ਨੇ ਸਤਿਗੁਰੂ ਜੀ ਦੀ ਉਸਤਤ ਆਪਣੀ ਪੈਂਤੀ ਅੱਖਰੀ ਸੁਣਾ ਕੇ ਕੀਤੀ। ਸੰਤ ਰਣਜੀਤ ਸਿੰਘ ਬਾਜਵਾ ਨੇ ਇਸ ਮੇਲੇ ਦੇ ਪ੍ਰਬੰਧਕਾਂ ਨੂੰ ਸਾਬਾਸ਼ ਦੇਂਦਿਆਂ ਆਖਿਆ ਕਿ ਇਹਨਾਂ ਬਹੁਤ ਵਧੀਆ ਉਦਮ ਕੀਤਾ ਹੈ ਅਗਾਂਹ ਵੀ ਏਸੇ ਤਰ੍ਹਾਂ ਅਮਰੀਕਾ ਦੀ ਸੰਗਤ ਇਕਠੀ ਗੁਰੂ ਜੱਸ ਕਰਦੀ ਰਹੇਗੀ।

ਸਟੇਜ ਸਕੱਤਰ ਸੰਤ ਸਰਮੁਖ ਸਿੰਘ ਨੇ ਦੱਸਿਆ ਕਿ ਅੱਜ ਭਗਵਾਨ ਕ੍ਰਿਸ਼ਨ ਜੀ ਦਾ ਵੀ ਪ੍ਰਕਾਸ਼ ਪੁਰਬ ਹੈ। ਆਪ ਨੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਇਕ ਕੌਤਕ ਸੁਣਾਉਂਦਿਆਂ ਦੱਸਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਭਗਵਾਨ ਕ੍ਰਿਸ਼ਨ ਜੀ ਦਾ ਹੀ ਰੂਪ ਸਨ। ਭਗਵਾਨ ਕ੍ਰਿਸ਼ਨ ਵੇਲੇ ਦੇ ਇਕ ਸੁਦਾਮੇ ਦਾ ਜਿਕਰ ਆਉਂਦਾ ਹੈ ਪਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਣਗਿਣਤ ਸੁਦਾਮਿਆਂ ਦੀ ਗਰੀਬੀ ਕਟੀ ਹੈ।

ਸ੍ਰੀ ਭਗਵਾਨ ਕ੍ਰਿਸ਼ਨ ਦੀ ਜਨਮ ਅਸ਼ਟਮੀ ਦੀ ਖੁਸ਼ੀ ਵਿਚ ਸੰਤ ਰਤਨ ਸਿੰਘ ਭਮਰਾ ਨੇ ਸ਼ਬਦ ਸੁਣਾਇਆ :

***ਧਨਿ ਧੰਨਿ ਰਾਮਾ ਬੇਨ ਬਾਜੈ।।***
***ਮਧੁਰ ਮਧੁਰ ਧੁਨਿ ਅਨਹਤ ਗਾਜੈ।।***

ਇਹਨਾਂ ਨਾਲ ਹਾਰਮੋਨੀਅਮ ਤੇ ਸੰਤ ਬਲਦੇਵ ਸਿੰਘ ਅਤੇ ਤਬਲੇ ਤੇ ਸੰਤ ਹਰਪਾਲ ਸਿੰਘ ਭੱਲੀ ਨੇ ਸੰਗਤ ਕੀਤੀ।

ਅੱਜ ਦੇ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਸੂਬਾ ਰੇਸ਼ਮ ਸਿੰਘ, ਸੂਬਾ ਗੁਰਦਿਅਲ ਸਿੰਘ ਅਤੇ ਪ੍ਰਧਾਨ ਸਵਰਨ ਸਿੰਘ ਹੱਥੀਂ ਸਨਮਾਨ ਪੱਤਰ - ਸਰਟੀਫਕੇਟ ਚਿੰਨ ਦਿਤੇ ਗਏ। ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਸਭ ਨੂੰ ਖੁਸ਼ੀਆਂ ਦੇ ਕੇ ਨਿਵਾਜਿਆ।

**6 ਸਤੰਬਰ ਦਿਨ ਐਤਵਾਰ –** ਨੂੰ ਸਾਧ ਸੰਗਤ ਵਲੋਂ ਪਹਿਲਾਂ ਚਾਰ ਹਵਨ ਪੂਰਨ ਗੁਰ ਮਰਯਾਦਾ ਅਨੁਸਾਰ ਕੀਤੇ ਗਏ। ਫਿਰ ਇਕ ਘੰਟਾ ਨਾਮ ਸਿਮਰਨ ਕਰਦਿਆਂ ਸਾਧ ਸੰਗਤ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਾਵਨ ਪਵਿੱਤਰ ਉਪਦੇਸ ਸਰਵਣ ਕੀਤਾ। ਉਪਰੰਤ ਕੀਰਤਨ ਦਾ ਪ੍ਰਾਰੰਭ ਸੰਤ ਜੋਗਿੰਦਰ ਸਿੰਘ ਨਿਊਯਾਰਕ ਦੇ ਇਸ ਸ਼ਬਦ ਨਾਲ ਹੋਇਆ :

***ਸਤਿਗੁਰ ਸਿਖ ਕੀ ਕਰੈ ਪ੍ਰਤਿਪਾਲ।।***

ਇਹਨਾਂ ਨਾਲ ਤਬਲੇ ਤੇ ਸੰਗਤ ਸੰਤ ਬਲਬੀਰ ਸਿੰਘ ਦਿੱਲੀ ਵਾਲਿਆਂ ਨੇ ਕੀਤੀ।

**ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦਾ ਉਪਦੇਸ**– ਅੱਜ ਕੀਰਤਨ ਦੌਰਾਨ ਹੀ ਭਾਰਤ ਤੋਂ ਟੈਲੀਫੋਨ ਤੇ ਸਾਧ ਸੰਗਤ ਦੀ ਅਰਜ ਪ੍ਰਵਾਨ ਕਰਦਿਆਂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਆਪਣਾ ਉਪਦੇਸ਼ ਦੇਂਦਿਆਂ ਫਰਮਾਇਆ ਕਿ **"ਬੜੀ ਖੁਸ਼ੀ ਹੋਈ ਹੈ ਕਿ ਕਨੇਡਾ- ਅਮਰੀਕਾ ਦੀ ਸਾਧ ਸੰਗਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ 200ਵਾਂ ਪ੍ਰਕਾਸ਼ ਵਰ੍ਹਾ, ਸ੍ਰੀ ਸਤਿਗੁਰੂ**

**(ਬਾਕੀ ਸਫਾ 7 'ਤੇ)**



**ਕਾਕਾ ਸੰਤਾ ਸਿੰਘ, ਕਾਕਾ ਸਵਰਨ ਸਿੰਘ, ਕਾਕਾ ਸੰਤਾ ਸਿੰਘ (ਦੂਜਾ) ਸ਼ਬਦ ਕੀਰਤਨ ਕਰਦੇ ਹੋਏ ਅਤੇ ਤਬਲੇ ਤੇ ਸਾਥ ਦੇ ਰਹੇ ਹਨ ਸੰਤ ਸੁਖਦੇਵ ਸਿੰਘ।**

# ਅਮਰੀਕਾ ਅਤੇ ਕਨੇਡਾ ਦੀ ਨਾਮਧਾਰੀ ਸੰਗਤ ਵਲੋਂ ਚਾਰ ਗੁਰਪੁਰਬ...

(ਬਾਕੀ ਸਫਾ 6 ਦੀ)




**ਸ੍ਰੀ ਸਤਿਗੁਰੂ ਜੀ ਦੇ ਕੌਤਕਾਂ ਦਾ ਵਰਨਣ ਨੌਜਵਾਨ ਸੰਤ ਬਲਬੀਰ ਸਿੰਘ ਬੋਬੀ (ਟਰਾਂਟੋ) ਸਾਧ ਸੰਗਤ ਨਾਲ ਸਾਂਝੇ ਕਰਦੇ ਹੋਏ।**

**ਪ੍ਰਤਾਪ ਸਿੰਘ ਜੀ ਦੀ ਯਾਦ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਗੁਰਗੱਦੀ ਦਿਵਸ ਅਤੇ ਸ੍ਰੀ ਕ੍ਰਿਸ਼ਨ ਜੀ ਦਾ ਪ੍ਰਕਾਸ਼ ਪੁਰਬ ਜਨਮ ਅਸ਼ਟਮੀ ਮਨਾ ਰਹੀ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਪ ਪ੍ਰਯੋਗ ਦਾ ਆਰੰਭ ਕੀਤਾ ਅਤੇ ਪਿੰਡ ਪਿੰਡ, ਸ਼ਹਿਰ-ਸ਼ਹਿਰ, ਘਰ-ਘਰ ਤਕ ਇਸਨੂੰ ਪਹੁੰਚਾਉਣ ਵਾਲੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਨ। ਹੁਣ ਜਪ ਪ੍ਰਯੋਗ ਪਿੰਡਾਂ ਸ਼ਹਿਰਾਂ ਵਿਚ ਸ਼ੁਰੂ ਹੋਏ ਹਨ। ਤੁਸੀਂ ਵੀ ਜਪ ਪ੍ਰਯੋਗ ਆਪੋ ਆਪਣੀ ਥਾਂ ਤੇ ਰਖੋ ਤੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੁਕਮ ਮੰਨਿਆ ਜਾਵੇ। ਜਪ ਪ੍ਰਯੋਗ ਦੇ ਦਿਨਾਂ ਵਿਚ ਨਾਮ ਵਧ ਤੋਂ ਵਧ ਜਪਿਆ ਜਾਵੇ ਤੇ ਗਲਾਂ ਘਟ ਕੀਤੀਆਂ ਜਾਣ। ਜਦੋਂ ਨਾਮ ਸਿਮਰਨ ਵਿਚ ਮਨ ਨਹੀਂ ਲਗਦਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼ ਸੁਣੇ ਜਾਣ। ਈਰਖਾ ਛੱਡੋ, ਸਾਰੇ ਸਾਨੂੰ ਆਪਣੇ ਦਿਸਣ, ਅਸੀਂ ਉਹ ਆਨੰਦ ਮਾਣ ਸਕੀਏ ਜਿਹੜਾ ਲਿਖਿਆ ਹੈ :**

***ਅਨੰਦੁ ਭਇਆ ਮੇਰੀ ਮਾਏ***
***ਸਤਿਗੁਰੂ ਮੈ ਪਾਇਆ।।***

**ਹੱਲੇ ਦੇ ਦਿਵਾਨ-** ਦਾ ਆਰੰਭ ਛੋਟੇ ਜਿਹੇ ਕਾਕਾ ਗੁਰਬਖਸ਼ ਸਿੰਘ ਪੁਤਰ ਸੰਤ ਅਮਰਜੀਤ ਸਿੰਘ ਬਰੈਂਪਟਨ ਨੇ ਕੀਤਾ। ਉਸਦੇ ਦਿਵਾਨ ਦੀ ਧਾਰਨਾ ਸੀ :

*ਗੁਰੂ ਮੇਰਾ ਮੇਹਰਬਾਨ ਹੈ। ਗੁਰੂ ਮੇਰਾ....*

ਇਸ ਵਿਚ ਸੂਬਾ ਰੇਸ਼ਮ ਸਿੰਘ, ਸੰਤ ਗੁਰਦਿਆਲ ਸਿੰਘ, ਸੰਤ ਬਲਦੇਵ ਸਿੰਘ, ਸੰਤ ਅਮਰਜੀਤ ਸਿੰਘ, ਸੰਤ ਹਾਕਮ ਸਿੰਘ, ਹਰਨਾਮ ਸਿੰਘ, ਦਰਸ਼ਨ ਸਿੰਘ ਆਦਿ ਨੇ ਸਾਥ ਦਿੱਤਾ।

ਸੰਤ ਹਾਕਮ ਸਿੰਘ ਨੇ ਹੱਲੇ ਦਾ ਸ਼ਬਦ ਪੜ੍ਹਿਆ–

*ਤੂੰ ਡਾਢਾ ਬੇਪਰਵਾਹ ਕੁਦਰਤਾਂ ਤੇਰੀਆਂ।।*

ਸੰਤ ਬਚਨ ਸਿੰਘ ਪੁੱਤਰ ਸੰਤ ਬਚਿੱਤਰ ਸਿੰਘ ਨੇ ਸ਼ਬਦ ਸੁਣਾਇਆ :

***ਤੋਸੋ ਨ ਨਾਥ ਅਨਾਥ ਨ ਮੋਸੋ।।***

ਕਾਕਾ ਸੰਤਾ ਸਿੰਘ ਨੇ ਕਵਿਤਾ ਸੁਣਾਈ :

*ਧੰਨ ਸਤਿਗੁਰੂ ਜਗਜੀਤ ਸਿੰਘ*
*ਉਹ ਸਾਡੇ ਭਗਵਾਨ।*

ਕਾਕਾ ਸਵਰਨ ਸਿੰਘ ਦੀ ਕਵਿਤਾ ਸੀ :

*ਧੰਨ ਸਤਿਗੁਰੂ ਜਗਜੀਤ ਸਿੰਘ*
*ਤੇਰੇ ਚੋਜ ਨਿਆਰੇ।*

ਬੀਬੀ ਹਰਜੀਤ ਕੌਰ ਦੀ ਕਵਿਤਾ ਸੀ :

*ਹੁਣ ਸੀ ਸਾਡੇ ਕੋਲ ਵੇ ਅੜਿਆ।*

ਬਰੈਂਪਟਨ ਤੋਂ ਸੰਤ ਨੌਜਵਾਨ ਬਲਬੀਰ ਸਿੰਘ ਨੇ ਸ੍ਰੀ ਸਤਿਗੁਰੂ ਰਾਮ ਸਿੰਘ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਸ੍ਰੀ ਸਤਿਗੁਰੂ ਉਦੈ ਸਿੰਘ ਜੀ ਅਤੇ ਟਰਾਂਟੋ ਵਿਚ ਨਾਮਧਾਰੀ ਯੂਥ ਵਲੋਂ ਕੀਤੇ ਜਾ ਰਹੇ ਕੰਮਾਂ ਬਾਰੇ ਬਹੁਤ ਹੀ ਵਧੀਆ ਢੰਗ ਨਾਲ ਇਕ ਪ੍ਰੈਜੇਂਟੇਸ਼ਨ ਪੇਸ਼ ਕੀਤੀ।

ਸੰਤ ਗਿਆਨ ਸਿੰਘ ਚਾਨਾ, ਮੈਰੀਲੈਂਡ ਵਾਲਿਆਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਜਾਣ ਵੇਲੇ ਦੇ ਦ੍ਰਿਸ਼ ਨੂੰ ਕਵਿਤਾ ਦੁਆਰਾ ਪੇਸ਼ ਕੀਤਾ :

*ਚੀਨੀ ਵਾਲੇ ਪ੍ਰੀਤਮ ਜਦ ਗਏ ਪ੍ਰਦੇਸਾਂ ਨੂੰ।*

ਸੰਤ ਸੁਖਦੇਵ ਸਿੰਘ ਸੁਖੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਉਸਤਤ ਕਰਦਿਆਂ ਕਿਹਾ ਕਿ ਉਹਨਾਂ ਸਾਨੂੰ ਨਾਮ ਜਪਣ ਦੀ ਪ੍ਰੇਰਨਾ ਦਿਤੀ ਤੇ ਆਪਣੀ ਕਵਿਤਾ ਸੁਣਾਈ :

*ਨਾਮ ਤੇਰਾ ਬੇਅੰਤ ਜਗਜੀਤ ਗੁਰ*
*ਸਭ ਬਰਕਤਾਂ 'ਚ ਵਡਾ ਬਲਵਾਨ ਤੂੰ।*

ਸੰਤ ਗੁਰਮੀਤ ਸਿੰਘ ਸ਼ਿਕਾਗੋ ਵਾਲਿਆਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਹਨਾਂ ਨਾਲ ਪ੍ਰਤੱਖ ਤੌਰ ਤੇ ਵਾਪਰੇ ਕੌਤਕਾਂ ਦਾ ਵਰਨਣ ਕੀਤਾ।

ਅਜ ਫਿਰ ਸੂਬਾ ਰੇਸ਼ਮ ਸਿੰਘ, ਸੂਬਾ ਗੁਰਦਿਆਲ ਸਿੰਘ ਤੇ ਪ੍ਰਧਾਨ ਸਵਰਨ ਸਿੰਘ ਨੇ ਕੀਰਤਨ ਕਰਨ ਵਾਲੇ ਤੇ ਕਵਿਤਾਵਾਂ ਸੁਣਾਉਣ ਵਾਲਿਆਂ ਨੂੰ ਸਰਟੀਫੀਕੇਟ, ਅਸੀਸ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਤੇ ਛੋਟੇ ਬੱਚਿਆਂ ਦੇ ਗਲਾਂ ਵਿਚ ਮੈਡਲ ਪਾ ਕੇ ਹੌਸਲਾ ਵਧਾਇਆ।

ਬਹੁਤ ਸਾਰੇ ਸਜਨਾਂ ਦੇ ਗਲਾਂ ਵਿਚ ਮਾਲਾ ਪਾ ਕੇ ਉਹਨਾਂ ਦਾ ਮਾਨ ਸਨਮਾਨ ਕੀਤਾ ਗਿਆ। ਸੰਤ ਹਰਪਾਲ ਸਿੰਘ ਭਲੀ ਨੇ ਸਾਧ ਸੰਗਤ ਨੂੰ ਬੇਨਤੀ ਕਰਦਿਆਂ ਕਿਹਾ ਕਿ ਸਤਿਗੁਰ ਦੀਆਂ ਖੁਸ਼ੀਆਂ ਲੈਣ ਵਾਸਤੇ ਉਹਨਾਂ ਦੇ ਹੁਕਮਾਂ ਦੀ ਪਾਲਣਾ ਕਰੀਏ। ਪ੍ਰਧਾਨ ਹਰਜੀਤ ਸਿੰਘ ਪ੍ਰਧਾਨ ਨਾਮਧਾਰੀ ਸੰਗਤ ਕਨੇਡਾ ਸੋਸਾਇਟੀ ਓਨਟਾਰੀਓ ਅਤੇ ਅਤੇ ਪ੍ਰਧਾਨ ਸਵਰਨ ਸਿੰਘ ਨਿਊਯਾਰਕ ਨੇ ਇਸ ਮੇਲੇ ਵਿਚ ਅਲਗ ਅਲਗ ਤਰ੍ਹਾਂ ਦੀ ਸੇਵਾ ਕਰਨ ਵਾਲਿਆਂ ਦਾ ਧੰਨਵਾਦ ਕੀਤਾ। ਧੰਨ ਹਨ ਉਹ ਗੁਰਸਿਖ ਜਿਹੜੇ ਅਜਿਹੇ ਮੇਲੇ ਸਤਿਗੁਰਾਂ ਦੀ ਯਾਦ ਵਿਚ ਕਰਦੇ ਹਨ। ਉਹਨਾਂ ਦੀ ਸੇਵਾ ਸਫਲ ਹੁੰਦੀ ਹੈ। ਕਈਆਂ ਦੇ ਨਾਮ ਰਿਪੋਰਟ ਵਿਚ ਨਹੀਂ ਲਿਖੇ ਗਏ ਹੋਣਗੇ ਪਰ ਉਹਨਾਂ ਦੀ ਸੇਵਾ ਗੁਰੂ ਚਰਨਾਂ ਵਿਚ ਪ੍ਰਵਾਨ ਹੀ ਹੋਵੇਗੀ। ਭਾਈ ਗੁਰਦਾਸ ਜੀ ਆਪਣੀ ਇਕ ਵਾਰ ਵਿਚ ਲਿਖਦੇ ਹਨ :

*ਕੁਰਬਾਣੀ ਤਿਨ੍ਹਾਂ ਗੁਰਸਿਖਾਂ*
*ਭਾਇ ਭਗਤਿ ਗੁਰ ਪੁਰਬ ਕਰੰਦੇ।*
*ਗੁਰ ਸੇਵਾ ਫਲੁ ਸੁਫਲੁ ਫਲੰਦੇ।*

**-ਗੁਰਦੀਪ ਸਿੰਘ ਨਾਮਧਾਰੀ, ਕਨੇਡਾ**




**ਦਿੱਲੀ ਵਿਖੇ ਮਨਾਏ 69ਵੇਂ ਸੁਤੰਤਰਤਾ ਦਿਵਸ ਮੌਕੇ ਮੁਖ ਮਹਿਮਾਨ ਸ੍ਰੀ ਸ਼ਿਵ ਚਰਨ ਗੋਇਲ (ਐਮ. ਐਲ. ਏ.) ਨੂੰ ਸ਼ੀਲਡ ਦੇ ਕੇ ਸਨਮਾਨ ਕਰਦੇ ਸ. ਐਚ. ਐਸ. ਹੰਸਪਾਲ (ਚੇਅਰਮੈਨ) ਅਤੇ ਨਾਲ ਹਨ ਸਕੂਲ ਦੀ ਪ੍ਰਿੰਸੀਪਲ ਬੀਬੀ ਸਤਵੰਤ ਕੌਰ, ਮੁੱਖ ਪਤਵੰਤੇ ਸੱਜਣ।**

# ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਜਪ ਪ੍ਰਯੋਗ ਦੀ ਆਰੰਭਤਾ



**ਜਪ ਪ੍ਰਯੋਗ ਦੇ ਆਰੰਭ ਸਮੇਂ ਹਾਜ਼ਰ ਸਾਧ ਸੰਗਤ।**

ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਕਿਰਪਾ ਨਾਲ ਅੱਜ ਨਾਮਧਾਰੀ ਸੰਗਤ ਲੁਧਿਆਣਾ ਵਲੋਂ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਜਪ ਪ੍ਰਯੋਗ ਦੀ ਆਰੰਭਤਾ ਦੀ ਅਰਦਾਸ ਕੀਤੀ ਗਈ। ਅੰਮ੍ਰਿਤ ਵੇਲੇ 4.30 ਵਜੇ ਸੰਤ ਦਇਆ ਸਿੰਘ ਨੇ ਅਰਦਾਸ ਕਰ ਇਸ ਵਾਰ ਦੇ ਜਪ ਪ੍ਰਯੋਗ ਦੀ ਸ਼ੁਰੂਆਤ ਕੀਤੀ। ਲੁਧਿਆਣਾ ਦੇ ਰਾਗੀ ਜਥੇ ਵਲੋਂ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਕੀਤਾ ਗਿਆ।

2 ਸਧਾਰਨ ਪਾਠਾਂ ਦੇ ਭੋਗ ਪਾਏ ਗਏ। 1 ਪਾਠ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਚੜ੍ਹਦੀ ਕਲਾ ਲਈ ਅਤੇ ਇਕ ਪਾਠ ਮਾਤਾ ਓਤਾ ਦੀ ਯਾਦ ਵਿਚ ਸੰਤ ਗੁਰਦਿਆਲ ਸਿੰਘ ਵਲੋਂ ਪਾਏ ਗਏ।

ਸੂਬਾ ਹਰਭਜਨ ਸਿੰਘ ਅਤੇ ਸੰਤ ਬਲਵੀਰ ਸਿੰਘ ਨੇ ਸਾਧ ਸੰਗਤ ਨਾਲ ਵਿਚਾਰ ਸਾਂਝੇ ਕਰਦੇ ਹੋਏ ਦੱਸਿਆ ਕਿ ਜਪ ਪ੍ਰਯੋਗ ਜੋ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਗੁਰਗੱਦੀ ਦੇ ਸੁਭਾਇਮਾਨ ਹੋਣ ਤੋਂ ਬਾਅਦ ਨੀਲੋਂ ਡੇਰੇ ਤੋਂ ਸ਼ੁਰੂ ਕੀਤਾ ਸੀ। ਉਪਰੰਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਐਸੀ ਕਿਰਪਾ ਕੀਤੀ ਕਿ ਇਹ ਪ੍ਰਯੋਗ ਸਾਰਾ ਸਾਲ ਹੀ ਸ਼ੁਰੂ ਕਰ ਦਿੱਤਾ ਅਤੇ ਅੱਸੂ ਦਾ ਮਹੀਨਾ ਜਿਥੇ ਸ੍ਰੀ ਭੈਣੀ ਸਾਹਿਬ ਹਜ਼ਾਰਾਂ ਦੀ ਗਿਣਤੀ ਵਿਚ ਸਾਧ ਸੰਗਤ ਆ ਕੇ ਸਲਾਨਾ ਜਪ ਪ੍ਰਯੋਗ ਵਿਚ ਹਿੱਸਾ ਲੈਣ ਲਗੀ ਅਤੇ ਨਾਲ ਹੀ ਹਰ ਸ਼ਹਿਰ, ਪਿੰਡ, ਮੁਹੱਲੇ ਵਿਚ ਜਪ ਪ੍ਰਯੋਗ ਆਰੰਭ ਹੋਏ ਅਤੇ ਹੁਣ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਕਿਰਪਾ ਸਦਕਾ ਨਾਮ ਦਾ ਪ੍ਰਵਾਹ ਉਸੀ ਤਰ੍ਹਾਂ ਹੀ ਚਲ ਰਿਹਾ ਹੈ।

ਸੂਬਾ ਜੀ ਨੇ ਕਿਹਾ ਕਿ ਲੁਧਿਆਣੇ ਵਿਖੇ ਆਪਾਂ ਹਰ ਸਾਲ ਜਪ ਪ੍ਰਯੋਗ ਕਰਦੇ ਹਾਂ ਅੱਜ ਉਸ ਦੀ ਆਰੰਭਤਾ ਦੀ ਅਰਦਾਸ ਹੋਈ ਹੈ। ਸਤਿਗੁਰੂ ਜੀ ਕਿਰਪਾ ਕਰਨ ਸੰਗਤ ਇਸ ਚਲ ਰਹੇ ਨਾਮ ਸਿਮਰਨ ਜਪ ਪ੍ਰਯੋਗ ਵਿਚ ਹਿੱਸਾ ਲੈ ਕੇ ਆਪਣਾ ਜਨਮ ਸਫਲਾ ਕਰੇ। ਅੱਜ ਦੇ ਮੇਲੇ ਦੀ ਸੇਵਾ ਸੰਤ ਗੁਰਦਿਆਲ ਸਿੰਘ ਸੋਢੀ ਪਰਿਵਾਰ ਵਲੋਂ ਕੀਤੀ ਗਈ।

# ਡਾ. ਸੁਰਜੀਤ ਸਿੰਘ ਨਮਿਤ ਵਰੀਣੇ ਦੇ ਪਾਠ ਦਾ ਭੋਗ



● **ਮੰਡੀ, ਹਿ. ਪ੍ਰ.**-30 ਅਗਸਤ 2015 ਦਿਨ ਐਤਵਾਰ ਨੂੰ ਗੁਰਦੁਆਰਾ ਸਕੂਲ ਬਜ਼ਾਰ ਵਿਖੇ **ਡਾ. ਸੁਰਜੀਤ ਸਿੰਘ** ਨਮਿਤ ਵਰ੍ਹੀਣੇ ਦੇ ਪਾਠ ਦਾ ਭੋਗ ਪਾਇਆ ਗਿਆ। ਜੋ ਕਿ 19 ਅਕਤੂਬਰ 2014 ਨੂੰ ਗੁਰਪੁਰੀ ਸਿਧਾਰ ਗਏ ਸਨ। ਡਾ. ਸਾਹਿਬ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਮੰਡੀ ਪਹੁੰਚ ਨਿਵਾਸ ਅਤੇ ਆਪਣਾ ਕਾਰ ਵਿਹਾਰ ਆਰੰਭ ਕੀਤਾ। ਡਾ. ਸਾਹਿਬ ਨੇ ਰਾਜਨੀਤੀ, ਧਾਰਮਿਕ, ਪਬਲਿਕ ਦੀਆਂ ਚੰਗੀ ਪੋਸਟਾਂ ਤੇ ਰਹਿ ਕੇ ਸੇਵਾ ਕੀਤੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਸਾਧ ਸੰਗਤ ਤੇ ਗੁਰੂ ਘਰ ਦੇ ਕੰਮਾਂ ਵਿਚ ਯੋਗਦਾਨ ਪਾਉਂਦੇ ਰਹੇ। ਅਜ ਵੀ ਉਹਨਾਂ ਦਾ ਸਾਰਾ ਪਰਿਵਾਰ ਗੁਰੂ ਚਰਨਾਂ ਨਾਲ ਉਸੇ ਤਰ੍ਹਾਂ ਜੁੜਿਆ ਹੈ ਅੰਮ੍ਰਿਤ ਵੇਲੇ ਤੋਂ 7 ਵਜੇ ਤਕ ਆਸਾ ਦੀ ਵਾਰ ਦਾ ਕੀਰਤਨ, 7 ਤੋਂ 8 ਨਾਮ ਸਿਮਰਨ, 8 ਤੋਂ 8.30 ਸੰਤ ਸਰਵਣ ਸਿੰਘ ਦੀ ਕਥਾ, 8.30 ਤੋਂ 9 ਤਕ ਜਥੇਦਾਰ ਸੰਤ ਸੁਰਿੰਦਰ ਸਿੰਘ ਛਿੰਦਾ ਦਾ ਦਿਵਾਨ ਅਤੇ 9 ਤੋਂ 9.45 ਤਕ ਜਥੇਦਾਰ ਸਾਧਾ ਸਿੰਘ ਮੰਡੀ ਵਾਲਿਆਂ ਨੇ ਦਿਵਾਨ ਲਾਇਆ। ਉਪਰੰਤ ਪਾਠਾਂ ਦੇ ਭੋਗ ਪਾਏ ਗਏ। ਅਨੰਦ ਸਾਹਿਬ ਤੋਂ ਬਾਅਦ ਅਰਦਾਸ ਕੀਤੀ ਗਈ। ਸਤਿਗੁਰੂ ਜੀ ਪਰਿਵਾਰ ਨੂੰ ਗੁਰਸਿਖੀ ਚਰਨਾਂ ਦੀ ਪ੍ਰੀਤ ਬਖਸ਼ਣ।

RNI NO. 55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17



ਅਮਰੀਕਾ ਵਿਖੇ ਮਨਾਏ ਗੁਰੂ ਸਾਹਿਬਾਨਾਂ ਦੇ ਪੁਰਬਾਂ ਤੇ ਦੂਰੋਂ ਨੇੜਿਓ ਪਹੁੰਚੀ ਸਾਧ ਸੰਗਤ (ਰਿਪੋਰਟ ਸਫਾ 2 'ਤੇ)



ਅਮਰੀਕਾ ਵਿਖੇ ਸਾਧ ਸੰਗਤ ਦੇ ਰੂਬਰੂ ਹੁੰਦੇ ਸੰਤ ਗੁਰਮੀਤ ਸਿੰਘ ਬਿਰਦੀ (ਸ਼ਿਕਾਗੋ, ਅਮਰੀਕਾ) ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਕੌਤਕ ਸਾਧ-ਸੰਗਤ ਨਾਲ ਸਾਂਝਾ ਕਰਦੇ ਹੋਏ ਨਾਲ ਹਨ ਸੂਬਾ ਰੇਸ਼ਮ ਸਿੰਘ (ਟਰਾਂਟੋ), ਸੰਤ ਸਵਰਨ ਸਿੰਘ ਸਲੈਚ (ਅਮਰੀਕਾ), ਸੂਬਾ ਗੁਰਦਿਆਲ ਸਿੰਘ, ਸੰਤ ਸਰਮੁਖ ਸਿੰਘ।




ਸੁਤੰਤਰਤਾ ਦਿਵਸ ਮੌਕੇ ਸ਼੍ਰੀ ਸ਼ਿਵ ਚਰਨ ਗੋਇਲ (ਐਮ. ਐਲ. ਏ) ਦੇਸ਼ ਦਾ ਮਾਣ ਤਿਰੰਗਾ ਝੰਡਾ ਲਹਿਰਾਉਂਦੇ ਹੋਏ ਨਾਲ ਹਨ ਸ. ਹਰਵਿੰਦਰ ਸਿੰਘ ਹੰਸਪਾਲ, ਸੂਬਾ ਸੁਖਦੇਵ ਸਿੰਘ, ਸੰਤ ਰਮਣੀਕ ਸਿੰਘ, ਪ੍ਰਧਾਨ ਸਾਧਾ ਸਿੰਘ, ਸ.ਜਸਵਿੰਦਰ ਸਿੰਘ ਹਿਸਟੋਰੀਅਨ ਆਦਿ ਅਤੇ ਸਕੂਲ ਦੇ ਬੱਚੇ ਰਾਸ਼ਟਰ ਗੀਤ ਗਾ ਇਸ ਦੀ ਸ਼ੋਭਾ ਵਧਾਉਂਦੇ ਹੋਏ।




69ਵਾਂ ਸੁੰਤਤਰਤਾ ਦਿਵਸ ਮੌਕੇ ਛੋਟੇ ਛੋਟੇ ਬੱਚੇ ਵੱਖੋ-ਵੱਖ ਨੇਤਾਵਾਂ ਦੀਆਂ ਵੇਸ਼ਭੂਸ਼ਾ ਵਿੱਚ ਆਪਣਾ ਯੋਗਦਾਨ ਪਾਉਂਦੇ ਹੋਏ।

Subscriber's Address

Type setting by: CADCON
Designed by: SHWETA GRAPHICS

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ - 250 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ : ਦੇਸ - 1000 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਣ ਦਾ ਸਮਾਂ-ਸਵੇਰੇ 6:06 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 6:24 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Ravindra Offset Press, A-26, Phase-II, Narayana, New Delhi 110028 and published from Namdhari Gurdwara, Ramesh Nagar, New Delhi-110015. Editor - Mr. Harvendra Singh Hanspal.
Phone : +91-9212318103, Email : Satjug@sribhainisahib.com, satjugweekly@gmail.com

Issue No. 27 of 17 September 2015